## ਪਾਠ-1 (ਐਮ.ਐਸ. ਵਰਡ ਵਿਚ ਟੇਬਲ ਅਤੇ ਮੇਲ ਮਰਜ ਦੇ ਨਾਲ ਕੰਮ ਕਰਨਾ)

### ਸਹੀ ਉੱਤਰ ਦੀ ਚੋਣ ਕਰਕੇ ਖ਼ਾਲੀ ਥਾਵਾਂ ਭਰੋ-

1) ਵੱਖ-ਵੱਖ ਸੈੱਲਾਂ ਵਿੱਚ ਅੱਗੇ ਜਾਣ ਲਈ ਟੇਬਲ ਵਿਚ ਟੈਬ ਕੀਅ ਦੀ ਵਰਤੋਂ ਕੀਤੀ ਜਾਂਦੀ ਹੈ ।
ੳ. ਕੰਟਰੋਲ ਅ. ਸ਼ਿਫਟ ੲ. ਟੈਬ ਸ. ਹੋਮ

2) ਟੇਬਲ ਬਟਨ ਇਨਸਰਟ ਟੈਬ ਵਿੱਚ ਮੌਜੂਦ ਹੁੰਦਾ ਹੈ ।
ੳ. ਹੋਮ ਅ. ਲੇਆਊਟ ੲ. ਇਨਸਰਟ ਸ. ਵਿਊ ਹ. ਕੋਈ ਵੀ ਨਹੀਂ


3) ਅਸੀਂ ਕਾਲਮ ਦੀ ਚੌੜਾਈ ਟੇਬਲ ਗਰੁੱਪ ਦੇ ਪ੍ਰਾਪਰਟੀਜ਼ ਬਟਨ ਤੋਂ ਬਦਲ ਸਕਦੇ ਹਾਂ ।
ੳ. ਸਲੈਕਟ ਅ. ਵਿਊ ੲ. ਗਰਿੱਡ ਲਾਈਨ ਸ. ਪ੍ਰਾਪਰਟੀਜ਼ ਹ. ਕੋਈ ਵੀ ਨਹੀਂ

4) ਮਰਜ਼ਡ ਡਾਕੂਮੈਂਟ ਵਿੱਚ ਟੈਕਸਟ ਹੁੰਦਾ ਹੈ ਜੋ ਸਾਰੀਆਂ ਚਿੱਠੀਆਂ ਪ੍ਰਾਪਤ ਕਰਨ ਵਾਲਿਆਂ ਨੂੰ ਭੇਜਿਆ ਜਾਂਦਾ ਹੈ ।
ੳ. ਡਾਟਾ ਸੋਰਸ ਅ. ਮਰਜਡ ਡਾਕੂਮੈਂਟ ੲ. ਸਾਰੇ ਹੀ ਸ. ਕੋਈ ਵੀ ਨਹੀਂ

5) ਡਾਟਾ ਸੋਰਸ ਵਿੱਚ ਮੇਲਿੰਗ ਲਿਸਟ ਹੁੰਦੀ ਹੈ ।
ੳ. ਡਾਟਾ ਸੋਰਸ ਅ. ਮਰਜਡ ਡਾਕੂਮੈਂਟ ੲ. ਸਾਰੇ ਹੀ ਸ. ਕੋਈ ਵੀ ਨਹੀਂ

### ਸਹੀ/ਗ਼ਲਤ ਦੱਸੋ-

1) Shift + Tab ਕੀਅ ਨਾਲ ਅਗਲੇ ਸੈੱਲ ਵਿੱਚ ਜਾਂਦੇ ਹਨ । ਗ਼ਲਤ
2) ਰੋਅ ਅਤੇ ਕਾਲਮ ਦੇ ਕਾਟ ਨੂੰ ਸੈੱਲ ਕਹਿੰਦੇ ਹਨ । ਸਹੀ
3) ਡਾਟਾ ਸੋਰਸ ਵਰਡ ਦਾ ਉਹ ਡਾਕੂਮੈਂਟ ਹੁੰਦਾ ਹੈ ਜਿਸ ਵਿਚ ਦੂਸਰਿਆਂ ਨੂੰ ਭੇਜੀ ਜਾਣ ਵਾਲੀ ਸੂਚਨਾ ਹੁੰਦੀ ਹੈ। ਗ਼ਲਤ
4) ਟੇਬਲ ਗਰੁੱਪ ਵਿੱਚ ਸਪਲਿੱਟ ਆਪਸ਼ਨ ਹੁੰਦੀ ਹੈ । ਸਹੀ
5) ਸੈੱਲਾਂ ਨੂੰ ਟੇਬਲ ਵਿੱਚ ਮਰਜ਼ ਨਹੀਂ ਕੀਤਾ ਜਾਂਦਾ । ਗ਼ਲਤ





### ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ 1. ਡਾਕੂਮੈਂਟ ਵਿਚ ਟੇਬਲ ਇਨਸਰਟ ਕਰਨ ਦੇ ਕਿਸੇ ਇਕ ਤਰੀਕੇ ਦਾ ਨਾਂ ਦੱਸੋ।**
ਉੱਤਰ- ਡਾਕੂਮੈਂਟ ਵਿਚ ਟੇਬਲ ਇਨਸਰਟ ਕਰਨ ਦੇ ਕਈ ਤਰੀਕੇ ਹੁੰਦੇ ਹਨ। ਇਹਨਾਂ ਵਿਚੋਂ ਮੁੱਖ ਤਰੀਕੇ ਇਸ ਪ੍ਰਕਾਰ ਹਨ:


- ਡਰਾਅ ਟੇਬਲ
- ਟੇਬਲ ਬਟਨ ਦੀ ਵਰਤੋਂ ਨਾਲ
- ਇਨਸਰਟ ਟੇਬਲ ਆਪਸ਼ਨ ਦੀ ਵਰਤੋਂ ਨਾਲ

**ਪ੍ਰਸ਼ਨ 2. ਸਪਲਿੱਟ ਸੈੱਲ ਆਪਸ਼ਨ ਦੀ ਵਰਤੋਂ ਬਾਰੇ ਦੱਸੋ।**
ਉੱਤਰ- ਸਪਲਿੱਟ ਸੈੱਲ ਆਪਸ਼ਨ ਦੀ ਵਰਤੋਂ ਟੇਬਲ ਦੇ ਕਿਸੇ ਸੈੱਲ ਨੂੰ ਦੋ ਜਾਂ ਜ਼ਿਆਦਾ ਸੈੱਲਾਂ ਵਿਚ ਵੰਡਣ ਲਈ ਕੀਤੀ ਜਾਂਦੀ ਹੈ।ਇਸ ਆਪਸ਼ਨ ਨਾਲ ਇਕ ਸੈਲ ਨੂੰ ਕਈ ਰੋਅਜ਼ ਜਾਂ ਕਾਲਮਾਂ ਵਿਚ ਵੰਡਿਆ ਜਾ ਸਕਦਾ ਹੈ।




**ਪ੍ਰਸ਼ਨ 3. ਕੋਈ ਇੱਕ ਤਰੀਕਾ ਦੱਸੋ, ਜਿਸ ਦੁਆਰਾ ਕਾਲਮ ਦੀ ਚੌੜਾਈ ਬਦਲ ਸਕਦੇ ਹਾਂ ?**
ਉੱਤਰ- ਕਾਲਮ ਦੀ ਚੌੜਾਈ ਬਦਲਣ ਦੇ ਕਈ ਤਰੀਕੇ ਹਨ।ਮਾਊਸ ਦੀ ਸਹਾਇਤਾ ਨਾਲ ਕਾਲਮ ਦੀ ਚੌੜਾਈ ਅਸਾਨੀ ਨਾਲ ਬਦਲੀ ਜਾ ਸਕਦੀ ਹੈ। ਕਾਲਮ ਦੀ ਚੌੜਾਈ ਬਦਲਣ ਲਈ ਮਾਊਸ ਪੁਆਇੰਟਰ ਨੂੰ ਕਾਲਮ ਦੀ ਬਾਡਰ ਲਾਈਨ ਤੇ ਲੈ ਕੇ ਜਾਉ ਅਤੇ ਕਲਿੱਕ ਕਰਕੇ ਬਾਡਰ ਨੂੰ ਲੋੜੀਂਦੀ ਚੌੜਾਈ ਤਕ ਖਿੱਚੋ। ਫਿਰ ਮਾਊਸ ਬਟਨ ਛੱਡ ਦਿਉ। ਇਸ ਤਰ੍ਹਾਂ ਕਾਲਮ ਦੀ ਚੌੜਾਈ ਬਦਲ ਜਾਵੇਗੀ।

**ਪ੍ਰਸ਼ਨ 4. ਮਰਜਡ ਸੈੱਲ ਆਪਸ਼ਨ ਦੀ ਵਰਤੋਂ ਦੱਸੋ।**
ਉੱਤਰ- ਮਰਜਡ ਸੈੱਲ ਆਪਸ਼ਨ ਦੀ ਵਰਤੋਂ ਨਾਲ ਅਸੀਂ ਦੋ ਜਾਂ ਦੋ ਤੋਂ ਵੱਧ ਸੈੱਲਾਂ ਨੂੰ ਮਰਜ ਕਰਕੇ ਇਕ ਸੈੱਲ ਬਣਾ ਸਕਦੇ ਹਾਂ।




**ਪ੍ਰਸ਼ਨ 5. ਡਾਟਾ ਸੋਰਸ ਕੀ ਹੈ ?**
ਉੱਤਰ- ਡਾਟਾ ਸੋਰਸ ਐਮ.ਐਸ. ਵਰਡ ਵਿਚ ਵੱਖ-ਵੱਖ ਪਤਿਆਂ (Addresses) ਦੀ ਇਕ ਲਿਸਟ ਹੁੰਦੀ ਹੈ। ਇਸਦੀ ਵਰਤੋਂ ਮੇਲ ਮਰਜ਼ ਆਪਸ਼ਨ ਵਿਚ ਕੀਤੀ ਜਾਂਦੀ ਹੈ।

ਪ੍ਰਸ਼ਨ 6. ਮੁੱਖ ਡਾਕੂਮੈਂਟ ਕੀ ਹੁੰਦਾ ਹੈ ?

ਉੱਤਰ- ਐਮ.ਐਸ. ਵਰਡ ਵਿਚ ਮੁੱਖ ਡਾਕੂਮੈਂਟ ਉਹ ਦਸਤਾਵੇਜ਼ ਹੁੰਦਾ ਹੈ ਜਿਸ ਵਿਚ ਦੂਸਰਿਆਂ ਨੂੰ ਭੇਜੀ ਜਾਣ ਵਾਲੀ ਸਾਂਝੀ ਸੂਚਨਾ ਹੁੰਦੀ ਹੈ। ਇਸਦੀ ਵਰਤੋਂ ਮੇਲ ਮਰਜ਼ ਆਪਸ਼ਨ ਵਿਚ ਕੀਤੀ ਜਾਂਦੀ ਹੈ।

## ਵੱਡੇ ਉਤਰਾਂ ਵਾਲੇ ਪ੍ਰਸ਼ਨ-


ਪ੍ਰ 1. ਸ਼ਬਦ ਮੇਲ ਮਰਜ ਤੋਂ ਤੁਸੀਂ ਕੀ ਸਮਝਦੇ ਹੋ ? ਮੇਲ ਮਰਜ ਨੂੰ ਕਰਨ ਦੇ ਸਟੈਪ ਦੱਸੋ।

ਉੱਤਰ- ਮੇਲ ਮਰਜ ਐਮ. ਐਸ. ਵਰਡ ਦੀ ਇਕ ਮਹਤੱਵਪੂਰਨ ਵਿਸ਼ੇਸ਼ਤਾ ਹੈ। ਇਸਦੀ ਵਰਤੋਂ ਨਾਲ ਅਸੀਂ ਕਿਸੇ ਦਸਤਾਵੇਜ ਨੂੰ ਇਕ ਤੋਂ ਵੱਧ ਵਿਅਕਤੀਆਂ ਨੂੰ ਆਸਾਨੀ ਨਾਲ ਭੇਸ ਸਕਦੇ ਹਾਂ। ਇਸ ਵਿਚ ਸਾਨੂੰ ਦੋ ਫਾਈਲਾਂ ਤਿਆਰ ਕਰਨੀਆਂ ਪੈਂਦੀਆਂ ਹਨ:

- **ਡਾਟਾ ਸੋਰਸ**: ਡਾਟਾ ਸੋਰਸ ਵਿਚ ਵੱਖ-ਵੱਖ ਪਤਿਆਂ ਦੀ ਲਿਸਟ ਹੁੰਦੀ ਹੈ।
- **ਮੁੱਖ ਡਾਕੂਮੈਂਟ**: ਮੁੱਖ ਡਾਕੂਮੈਂਟ ਵਿਚ ਦੂਸਰਿਆਂ ਨੂੰ ਭੇਜੀ ਜਾਣ ਵਾਲੀ ਸਾਂਝੀ ਸੂਚਨਾ ਹੁੰਦੀ ਹੈ।

ਮੇਲ ਮਰਜ ਕਰਨ ਦੇ ਸਟੈਪ ਇਸ ਪ੍ਰਕਾਰ ਹਨ:

1) Mailing ਟੈਬ ਤੇ ਕਲਿੱਕ ਕਰੋ।
2) Start Mail Merge ਬਟਨ ਤੇ ਕਲਿੱਕ ਕਰੋ।
3) Step by Step Mail Merge Wizard ਤੇ ਕਲਿੱਕ ਕਰੋ।
4) Mail merge ਵਿਜਾਰਡ ਪੇਨ ਸੱਜੇ ਪਾਸੇ ਖੁੱਲ੍ਹ ਜਾਵੇਗੀ। ਇਸ ਵਿਚ 6 ਸਟੈਪ ਹੁੰਦੇ ਹਨ।
5) ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਆਪਸ਼ਨਾ ਦੀ ਚੋਣ ਕਰੋ ਅਤੇ Next ਲਿੰਕ ਉਪਰ ਕਲਿੱਕ ਕਰਦੇ ਜਾਓ।
6) ਸਾਰੇ ਸਟੈਪ ਪੂਰੇ ਹੋ ਜਾਣ ਤੋਂ ਬਾਅਦ ਸਾਰੇ ਸੰਦੇਸ਼ ਵੱਖ-ਵੱਖ ਪਤਿਆਂ ਨਾਲ ਤਿਆਰ ਹੋ ਜਾਣਗੇ।





ਪ੍ਰ 2. ਅਸੀਂ ਆਪਣੇ ਡਾਕੂਮੈਂਟ ਵਿਚ ਟੇਬਲ ਕਿਸ ਤਰ੍ਹਾਂ ਇਨਸਰਟ ਕਰਾਂਗੇ? ਕਿਸੇ ਇਕ ਤਰੀਕੇ ਦੀ ਵਿਆਖਿਆ ਕਰੋ।

ਉੱਤਰ-- ਡਾਕੂਮੈਂਟ ਵਿਚ ਟੇਬਲ ਇਨਸਰਟ ਕਰਨ ਦੇ ਤਿੰਨ ਤਰੀਕੇ ਹਨ-

1) ਟੇਬਲ ਬਟਨ ਦੀ ਵਰਤੋਂ ਕਰਕੇ
2) ਇਨਸਰਟ ਟੇਬਲ ਆਪਸ਼ਨ ਦੀ ਵਰਤੋਂ ਕਰਕੇ
3) ਡਰਾਅ ਟੇਬਲ ਆਪਸ਼ਨ ਦੀ ਵਰਤੋਂ ਕਰਕੇ।

ਟੇਬਲ ਬਟਨ ਦੀ ਵਰਤੋਂ ਕਰਕੇ ਟੇਬਲ ਬਣਾਉਣਾ:


1) ਆਪਣੇ ਡਾਕੂਮੈਂਟ ਵਿਚ ਉਸ ਥਾਂ ਤੇ ਕਲਿੱਕ ਕਰੋ ਜਿੱਥੇ ਤੁਸੀਂ ਟੇਬਲ ਬਣਾਉਣਾ ਚਾਹੁੰਦੇ ਹੋ।
2) ਇਨਸਰਟ ਟੈਬ ਤੇ ਟੇਬਲ ਗਰੁੱਪ ਵਿਚ ਟੇਬਲ ਬਟਨ ਉੱਤੇ ਕਲਿੱਕ ਕਰੋ।
3) ਗਰਿੱਡ ਵਿੱਚ ਲੋੜੀਂਦੇ ਰੋਅਜ਼ ਅਤੇ ਕਾਲਮਜ਼ ਉੱਤੇ ਮਾਊਸ ਪੁਆਇੰਟਰ ਘਮਾਉ।
4) ਇਸ ਤਰ੍ਹਾਂ ਕਰਕੇ ਡਾਕੂਮੈਂਟ ਦੇ ਵਰਕਿੰਗ ਏਰੀਏ ਵਿਚ ਟੇਬਲ ਇਨਸਰਟ ਹੋ ਜਾਵੇਗਾ।




ਪ੍ਰ 3. ਟੇਬਲ ਦੀ ਅਲਾਈਨਮੈਂਟ ਕਰਨ ਦਾ ਤਰੀਕਾ ਦੱਸੋ।

ਉੱਤਰ-- ਟੇਬਲ ਦੀ ਅਲਾਈਨਮੈਂਟ ਕਰਨ ਦਾ ਤਰੀਕਾ ਹੇਠ ਲਿਖੇ ਅਨੁਸਾਰ ਹੈ-

1) ਟੇਬਲ ਵਿਚ ਕਿਸੇ ਵੀ ਥਾਂ ਤੇ ਕਲਿੱਕ ਕਰੋ।
2) Layout ਟੈਬ ਤੇ ਕਲਿੱਕ ਕਰੋ।
3) Table group ਤੇ Properties ਬਟਨ ਤੇ ਕਲਿੱਕ ਕਰੋ।
4) ਡਾਇਲਗ ਬਾਕਸ ਵਿਚ Table Tab ਨੂੰ ਸਿਲੈਕਟ ਕਰੋ।
5) ਆਪਣੀ ਪਸੰਦ ਮੁਤਾਬਿਕ ਅਲਾਈਨਮੈਂਟ ਚੁਣੋ-
6) Ok ਬਟਨ ਤੇ ਕਲਿੱਕ ਕਰੋ।



## ਪਾਠ-2 (**ਇੰਟਰਨੈਟ**)

### ਖਾਲੀ ਥਾਂਵਾਂ ਭਰੋ

1) ਇਟਰਨੈਸ਼ਨਲ ਨੈੱਟਵਰਕ ਆਫ਼ ਕੰਪਿਊਟਰ ਨੂੰ **ਇੰਟਰਨੈੱਟ** ਕਿਹਾ ਜਾਂਦਾ ਹੈ।
2) WWW ਦਾ ਮਤਲਬ ਹੈ **ਵਰਲਡ ਵਾਈਡ ਵੈੱਬ**।
3) **ਚੈਟਿੰਗ** ਦੁਆਰਾ ਆਨਲਾਈਨ ਇੰਟਰਨੈੱਟ ਤੇ ਗੱਲਬਾਤ ਕੀਤੀ ਜਾਂਦੀ ਹੈ।
4) **ਈ-ਮੇਲ** ਮੇਲ ਭੇਜਣ ਦਾ ਸਭ ਤੋਂ ਤੇਜ਼ ਤਰੀਕਾ ਹੈ।
5) **ਮੋਡਮ** ਇੱਕ ਯੰਤਰ ਹੈ ਜੋ ਕੰਪਿਊਟਰ ਨੂੰ ਟੈਲੀਫੋਨ ਨਾਲ ਜੋੜਦਾ ਹੈ।

### ਸਹੀ/ਗ਼ਲਤ ਦੱਸੋ

1) ਵੈਬ ਪੇਜ ਵੈਬਸਾਈਟ ਦੇ ਸਮੂਹ ਨੂੰ ਕਹਿੰਦੇ ਹਨ। ਗ਼ਲਤ
2) ਇੰਟਰਨੈੱਟ ਐਕਸਪਲੋਰਰ ISP ਦੇ ਨਾਮ ਨੂੰ ਕਿਹਾ ਜਾਂਦਾ ਹੈ। ਗ਼ਲਤ
3) ਫੇਸ ਬੁੱਕ ਇੱਕ ਪ੍ਰਸਿੱਧ ਸੋਸ਼ਲ ਨੈੱਟਵਰਕਿੰਗ ਸਾਈਟ ਹੈ। ਸਹੀ
4) ਇੰਟਰਨੈੱਟ ਕੰਪਿਊਟਰ ਨੈੱਟਵਰਕ ਦੁਆਰਾ ਸੰਚਾਰ ਕਰਦੇ ਹਨ। ਸਹੀ
5) ਵੈੱਬ ਸਾਈਟ ਇੱਕ ਸਾਫ਼ਟਵੇਅਰ ਹੈ ਜੋ ਵੈੱਬ ਤੋਂ ਸੂਚਨਾ ਦੇਖਣ ਲਈ ਵਰਤਿਆ ਜਾਂਦਾ ਹੈ। ਗ਼ਲਤ

### ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ 1. ਇੰਟਰਨੈੱਟ ਕੀ ਹੈ ?**

ਉ: ਇੰਟਰਨੈਟ ਦਾ ਅਰਥ ਹੈ ਇੰਟਰਨੈਸ਼ਨਲ ਨੈਟਵਰਕ ਆਫ ਕੰਪਿਊਟਰਜ਼। ਇਸ ਨੂੰ ਨੈਟਵਰਕ ਆਫ ਨੈਟਵਰਕਸ ਵੀ ਕਿਹਾ ਜਾਂਦਾ ਹੈ। ਇੰਟਰਨੈੱਟ ਕੰਪਿਊਟਰਾਂ ਦਾ ਉਹ ਨੈੱਟਵਰਕ ਹੈ ਜੋ ਸਾਰੀ ਦੁਨੀਆਂ ਵਿਚ ਫੈਲਿਆ ਹੋਇਆ ਹੈ।

**ਪ੍ਰਸ਼ਨ 2. ਇੰਟਰਨੈੱਟ ਸਰਵਿਸ ਪ੍ਰੋਵਾਈਡਰ ਦੀ ਉਦਾਹਰਨ ਦਿਉ।**

ਉ- ਇੰਟਰਨੈੱਟ ਸਰਵਿਸ ਪ੍ਰੋਵਾਈਡਰਾਂ ਦੀਆਂ ਆਮ ਉਦਾਹਰਨ ਹੇਠ ਲਿਖੇ ਅਨੁਸਾਰ ਹਨ:

- BSNL (ਬੀ.ਐਸ.ਐਨ.ਐਲ.)
- JIO (ਜੀਓ)
- Airtel (ਏਅਰਟੈੱਲ)
- Idea (ਆਇਡੀਆ)

**ਪ੍ਰਸ਼ਨ 3. ਈ-ਕਾਮਰਸ ਤੋਂ ਤੁਸੀਂ ਕੀ ਸਮਝਦੇ ਹੋ ?**

ਉ-ਈ-ਕਾਮਰਸ ਦਾ ਪੂਰਣ ਨਾਂ ਇਲੈਕਟ੍ਰੋਨਿਕ ਕਾਮਰਸ। ਇੰਟਰਨੈੱਟ ਦੀ ਮੱਦਦ ਨਾਲ ਵਪਾਰ ਕਰਨ ਨੂੰ ਈ-ਕਾਮਰਸ ਕਹਿੰਦੇ ਹਨ। ਈ-ਕਾਮਰਸ ਦੀ ਮਦਦ ਨਾਲ ਅਸੀਂ ਕਿਸੇ ਵੀ ਸਮੇਂ ਘਰ ਬੈਠੇ ਕੋਈ ਵੀ ਚੀਜ਼ ਖਰੀਦ ਸਕਦੇ ਹਾਂ।

**ਪ੍ਰਸ਼ਨ 4. WWW ਕੀ ਹੈ ? ਦੱਸੋ।**

ਉ- WWW ਦਾ ਅਰਥ ਹੈ ਵਰਲਡ ਵਾਇਬ ਵੈੱਬ। ਇਸਨੂੰ web ਜਾਂ W3 ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਵੈਬ ਸਰਵਰਾਂ ਦਾ ਇਕ ਸਮੂਹ ਹੁੰਦਾ ਹੈ। ਵਰਲਡ ਵਾਈਡ ਵੈਬ ਵਿਚ ਸੂਚਨਾ ਨੂੰ ਵੈਬ ਪੇਜਾਂ ਵਿਚ ਸਟੋਰ ਕੀਤਾ ਜਾਂਦਾ ਹੈ। ਵੈਬਪੇਜ਼ਾਂ ਨੂੰ ਦੇਖਣ ਲਈ ਵੈਬ-ਬ੍ਰਾਊਜ਼ਰ (web-browser) (ਇੰਟਰਨੈੱਟ ਐਕਸਪਲੋਰਰ ਆਦਿ) ਦੀ ਵਰਤੋਂ ਕੀਤੀ ਜਾਂਦੀ ਹੈ।

**ਪ੍ਰਸ਼ਨ 5. ਇੰਟਰਨੈੱਟ ਕੁਨੈਕਸ਼ਨ ਦੀਆਂ ਕਿਸਮਾਂ ਦੱਸੋ।**

ਉ- ਇੰਟਰਨੈੱਟ ਕੁਨੈਕਸ਼ਨ ਦੀਆਂ ਹੇਠ ਲਿਖੀਆਂ ਕਿਸਮਾਂ ਹਨ-

- ਡਾਇਲ ਅਪ (Dial Up)
- ਵਾਇਰਲੈਸ (Wireless)
- ਆਈ.ਐੱਸ.ਡੀ.ਐੱਨ (ISDN)
- ਬ੍ਰਾਡ ਬੈਂਡ (Broadband)
- ਡੀ.ਐੱਸ.ਐੱਲ (DSL)

**ਪ੍ਰਸ਼ਨ 6. ਈ-ਮੇਲ ਬਾਰੇ ਦੱਸੋ।**

ਉ- ਈ-ਮੇਲ ਦਾ ਪੂਰਾ ਨਾਂ ਇਲੈਕਟ੍ਰੋਨਿਕ ਮੇਲ ਹੈ। ਇਹ ਇੰਟਰਨੈੱਟ ਦੀ ਉਹ ਸੁਵਿਧਾ ਹੈ ਜਿਸ ਰਾਹੀਂ ਅਸੀਂ ਦੁਨੀਆਂ ਵਿਚ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਸਮੇਂ ਸੰਦੇਸ਼ ਭੇਜ ਸਕਦੇ ਹਾਂ ਅਤੇ ਪ੍ਰਾਪਤ ਕਰ ਸਕਦੇ ਹਾਂ। ਈ ਮੇਲ ਰਾਹੀਂ ਟੈਕਸਟ, ਤਸਵੀਰ ਜਾਂ ਕਿਸੇ ਵੀ ਕਿਸਮ ਦੀ ਫਾਈਲ ਭੇਜੀ ਅਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

**ਪ੍ਰਸ਼ਨ 7. ਵੈੱਬ ਸਰਚਿੰਗ ਕੀ ਹੈ?**

ਉ- ਸਰਚਿੰਗ ਦਾ ਅਰਥ ਹੈ ਕੁੱਝ ਲੱਭਣਾ। ਵੈੱਬ ਸਰਚ ਵੈੱਬ ਪੇਜਾਂ ਨੂੰ ਲੱਭਣ ਦੀ ਪ੍ਰਕਿਰਿਆ ਹੈ। ਵੈਬ ਪੇਜ਼ਾਂ ਨੂੰ ਲੱਭਣ ਲਈ ਸਰਚ ਇੰਜਣ ਦੀ ਵਰਤੋਂ ਕੀਤੀ ਜਾਂਦੀ ਹੈ। ਸਰਚ ਇੰਜਣ ਇਕੋ ਜਿਹੇ ਵੈੱਬ ਪੇਜਾਂ ਨੂੰ ਇੱਕੋ ਥਾਂ ਤੇ ਇਕੱਤਰ ਕਰਦਾ ਹੈ। ਗੂਗਲ (Google) ਸਰਚ ਇੰਜਣ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਸਰਚ ਇੰਜਣ ਹੈ।

**ਪ੍ਰਸ਼ਨ 8. ਇੰਟਰਨੈੱਟ ਵਾਸਤੇ ਕਿਹੜੀਆਂ-ਕਿਹੜੀਆਂ ਹਾਰਡਵੇਅਰ ਜ਼ਰੂਰੀ ਹਨ?**

ਉ- ਹਾਰਡਵੇਅਰ ਜ਼ਰੂਰਤਾਂ-

- ਇਕ ਪਰਸਨਲ ਕੰਪਿਊਟਰ (PC)
- 128 MB ਜਾਂ ਇਸ ਤੋਂ ਵੱਧ ਰੈਮ (RAM)
- ਟੈਲੀਫੋਨ ਲਾਈਨ ਕੁਨੈਕਸ਼ਨ
- ਮੋਡਮ (MODEM)

### ਵੱਡੇ ਉੱਤਰਾਂ ਵਾਲੇ ਪ੍ਰਸ਼ਨ


**ਪ੍ਰਸ਼ਨ 1. ਮੋਡਮ ਕੀ ਹੈ ? ਮੋਡਮ ਦੀਆਂ ਕਿਸਮਾਂ ਅਤੇ ਰਫਤਾਰ ਦੱਸੋ।**

ਉੱਤਰ-- ਮਾਡਮ ਦਾ ਪੂਰਾ ਨਾ ਮਾਡੂਲੇਟਰ ਡਿਮਾਡੂਲੇਟਰ (**Mo**dulator **Dem**odulator) ਹੈ। ਇਹ ਇਕ ਸੰਚਾਰ ਯੰਤਰ ਹੈ। ਇਸ ਦੀ ਵਰਤੋਂ ਡਿਜ਼ੀਟਲ ਸਿਗਨਲ (digital signal) ਨੂੰ ਐਨਾਲਾਗ ਸਿਗਨਲ (Analogue singal) ਅਤੇ ਐਨਾਲਾਗ ਸਿਗਨਲ ਨੂੰ ਡਿਜ਼ੀਟਲ ਸਿਗਨਲ ਵਿਚ ਤਬਦੀਲ ਕਰਨ ਲਈ ਕੀਤੀ ਜਾਂਦੀ ਹੈ। ਇੰਟਰਨੈੱਟ ਚਲਾਉਣ ਵਾਸਤੇ ਇਸਦੀ ਜ਼ਰੂਰਤ ਪੈਂਦੀ ਹੈ।



ਮੋਡਮ ਦੋ ਪ੍ਰਕਾਰ ਦੇ ਹੁੰਦੇ ਹਨ-

1) **ਅੰਦਰੂਨੀ ਮੋਡਮ**: ਇਸਨੂੰ ਸਿਸਟਮ ਯੂਨਿਟ ਦੇ ਅੰਦਰ ਲਗਾਇਆ ਜਾਂਦਾ ਹੈ। ਇਸਦੀ ਰਫਤਾਰ ਬਾਹਰੀ ਮਾਡਮ ਦੇ ਮੁਕਾਬਲੇ ਘੱਟ ਹੁੰਦੀ ਹੈ।
2) **ਬਾਹਰੀ ਮੋਡਮ**: ਇਹ ਕੰਪਿਊਟਰ ਤੋਂ ਅਲੱਗ ਇਕ ਵੱਖਰਾ ਯੰਤਰ ਹੁੰਦਾ ਹੈ। ਇਸਦੀ ਰਫਤਾਰ ਅਮਦਰੂਨੀ ਮਾਡਮ ਦੇ ਮੁਕਾਬਲੇ ਜਿਆਦਾ ਹੁੰਦੀ ਹੈ।



ਆਮ ਤੌਰ ਤੇ ਮਾਡਮ ਦੀ ਰਫਤਾਰ 56Kbps ਹੁੰਦੀ ਹੈ।

**ਪ੍ਰਸ਼ਨ 2. ਨੈੱਟਵਰਕ ਅਤੇ ਇੰਟਰਨੈੱਟ ਦੁਆਰਾ ਕੀਤੇ ਜਾਂਦੇ ਕੰਮਾਂ ਬਾਰੇ ਦੱਸੋ।**

ਉੱਤਰ-- ਇੰਟਰਨੈੱਟ ਤੇ ਕਈ ਪ੍ਰਕਾਰ ਦੇ ਕੰਮ ਕੀਤੇ ਜਾ ਸਕਦੇ ਹਨ ਜਿਹਨਾਂ ਵਿਚੋਂ ਕੁੱਝ ਕੰਮ ਹੇਠਾਂ ਦਿੱਤੇ ਗਏ ਹਨ:

1) ਇੰਟਰਨੈਟ ਸਾਨੂੰ ਦੁਨੀਆਂ ਦੀਆਂ ਖਬਰਾਂ ਅਤੇ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਜਾਣਕਾਰੀ ਪ੍ਰਦਾਨ ਕਰਦਾ ਹੈ।
2) ਇਹ ਕਲਾ ਅਤੇ ਮਨੋਰੰਜਨ ਦਾ ਸਾਧਨ ਹੈ।
3) ਇਸ ਨਾਲ ਅਸੀਂ ਕਈ ਤਰ੍ਹਾਂ ਦੀਆਂ ਚੀਜ਼ਾਂ ਘਰ ਬੈਠੇ ਖਰੀਦ ਸਕਦੇ ਹਾਂ।
4) ਇਸਦੀ ਵਰਤੋਂ ਨਾਲ ਅਸੀਂ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਸੰਦੇਸ਼ ਮਿੰਟਾਂ ਸਕਿੰਟਾਂ ਵਿਚ ਭੇਜ ਸਕਦੇ ਹਾਂ।
5) ਇਸ ਰਾਹੀਂ ਅਸੀਂ ਸਿਹਤ ਅਤੇ ਤੰਦਰੁਸਤੀ ਸੰਬੰਧੀ ਜਾਣਕਾਰੀ ਹਾਸਿਲ ਕਰ ਸਕਦੇ ਹਾਂ।
6) ਇਸ ਨਾਲ ਅਸੀਂ ਚੈਟਿੰਗ ਕਰ ਸਕਦੇ ਹਾਂ।
7) ਇਸ ਨਾਲ ਅਸੀਂ ਘਰ ਬੈਠੇ ਹੀ ਰੇਲਵੇ, ਜਹਾਜਾਂ ਆਦਿ ਦੀਆਂ ਟਿਕਟਾਂ ਬੁੱਕ ਕਰ ਸਕਦੇ ਹਾਂ।
8) ਇਹ ਸਾਨੂੰ ਵੀਡੀਓ ਕਾਨਫਰੈਂਸਿੰਗ ਦੀ ਸੁਵਿਧਾ ਪ੍ਰਦਾਨ ਕਰਦਾ ਹੈ।

**ਪ੍ਰਸ਼ਨ 3. ਇੰਟਨੈੱਟ ਦੀਆਂ ਸੇਵਾਵਾਂ ਬਾਰੇ ਵਿਸਥਾਰ ਨਾਲ ਦੱਸੋ।**

ਉੱਤਰ- ਇੰਟਰਨੈਟ ਦੀਆਂ ਮੁੱਖ ਸੇਵਾਵਾਂ ਇਸ ਪ੍ਰਕਾਰ ਹਨ:

1) ਈ-ਮੇਲ- ਇਸ ਰਾਹੀਂ ਦੁਨੀਆਂ ਵਿਚ ਕਿਤੇ ਵੀ ਸੰਦੇਸ਼ ਭੇਜਿਆ ਜਾ ਸਕਦਾ ਹੈ।
2) ਚੈਟਿੰਗ- ਇੰਟਰਨੈੱਟ ਰਾਹੀਂ ਗੱਲਬਾਤ ਕਰਨ ਨੂੰ ਚੈਟਿੰਗ ਕਿਹਾ ਜਾਂਦਾ ਹੈ।
3) ਈ-ਕਾਮਰਸ- ਇੰਟਰਨੈੱਟ ਦੀ ਮੱਦਦ ਨਾਲ ਵਪਾਰ ਕਰਨ ਦੀ ਸੇਵਾ ਨੂੰ ਈ-ਕਾਮਰਸ ਕਹਿੰਦੇ ਹਨ।
4) ਸਰਚਿੰਗ- ਇੰਟਰਨੈੱਟ ਤੇ ਅਸੀਂ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਲੱਭ ਸਕਦੇ ਹਾਂ।
5) ਸਰਫਿੰਗ- ਇੰਟਰਨੈੱਟ ਤੇ ਵੈਬਸਾਈਟ ਦੇਖਣ ਦੀ ਪ੍ਰਕਿਰਿਆ ਨੂੰ ਸਰਫਿੰਗ ਕਿਹਾ ਜਾਂਦਾ ਹੈ।
6) ਵੀਡੀਓ ਕਾਨਫਰੈਂਸਿੰਗ- ਵੀਡੀਓ ਕਾਨਫਰੈਂਸਿੰਗ ਕੈਮਰੇ ਦੀ ਮੱਦਦ ਨਾਲ ਗੱਲਬਾਤ ਕਰਨ ਦੀ ਸਹੂਲਤ ਹੈ।
7) ਫਾਈਲਾਂ ਨੂੰ ਡਾਊਨਲੋਡ ਕਰਨਾ- ਇੰਟਰਨੈਟ ਤੋਂ ਅਸੀਂ ਹਰ ਤਰ੍ਹਾਂ ਦੀਆਂ ਫਾਈਲਾਂ ਡਾਊਨਲੋਡ ਕਰ ਸਕਦੇ ਹਾਂ।

## ਪਾਠ-3 (**ਇਨਫਾਰਮੇਸ਼ਨ ਟੈਕਨੌਲੋਜੀ ਨਾਲ ਜਾਣ ਪਛਾਣ**)

### ਖਾਲੀ ਥਾਵਾਂ ਭਰੋ

1) ਡਾਊਨਲੋਡਿੰਗ ਦਾ ਮਤਲਬ ਹੈ ਕਿ ਕੰਪਿਊਟਰ ਇੰਟਰਨੈੱਟ ਤੋਂ ਡਾਟਾ ਪ੍ਰਾਪਤ ਕਰ ਰਿਹਾ ਹੈ।
2) ਵੈਬਸਾਈਟ ਦਾ ਜਿਹੜਾ ਪੇਜ ਖੁੱਲ੍ਹਦਾ ਹੈ, ਉਸ ਨੂੰ ਵੈੱਬ ਪੇਜ ਕਿਹਾ ਜਾਂਦਾ ਹੈ।
3) ਔਨਲਾਈਨ ਦਾ ਮਤਲਬ ਹੈ, ਇੰਟਰਨੈੱਟ ਨਾਲ ਜੁੜੇ ਹੋਣਾ।
4) ਸਰਫ਼ਿੰਗ ਦਾ ਅਰਥ ਹੈ ਕਿ ਇੱਕ ਵੈੱਬਸਾਈਟ ਤੋਂ ਦੂਜੇ ਵੈਬਸਾਈਟ ਤੇ ਜਾਣਾ।
5) ਈ-ਕਾਮਰਸ ਇੱਕ ਤਰ੍ਹਾਂ ਦੀ ਇਲੈੱਕਟਰਾਨਿਕ ਕਾਮਰਸ ਹੈ ਜੋ ਉਪਭੋਗਤਾ ਨੂੰ ਸਿੱਧਾ ਹੀ ਇੰਟਰਨੈੱਟ ਤੋਂ ਚੀਜ਼ਾਂ ਦੀ ਖਰੀਦਦਾਰੀ ਕਰਨ ਦੀ ਆਗਿਆ ਦਿੰਦੀ ਹੈ।

### ਸਹੀ/ਗਲਤ ਦੱਸੋ

| | |
|---|---|
| 1) ਕਿਸੇ ਵੀ ਬੋਰਡ ਜਾਂ ਯੂਨੀਵਰਸਿਟੀ ਦਾ ਰਿਜ਼ਲਟ ਆਨਲਾਈਨ ਵੇਖਿਆ ਜਾ ਸਕਦਾ ਹੈ। | ਸਹੀ |
| 2) ਅਸੀਂ ਜੇਕਰ ਆੱਫਲਾਈਨ ਹਾਂ ਤਾ ਵੀ ਵੈੱਬ ਸਰਫ਼ਿੰਗ ਕਰ ਸਕਦੇ ਹਾਂ। | ਗ਼ਲਤ |
| 3) ਵੈੱਬ ਸਾਈਟ ਵਿੱਚ ਇੱਕ ਹੀ ਵੈੱਬ ਪੇਜ ਹੁੰਦਾ ਹੈ। | ਗ਼ਲਤ |
| 4) ਵੈੱਬ ਸਰਚ ਨਾਲ ਅਸੀਂ ਆਪਣੇ ਵੈੱਬ ਪੇਜਾਂ ਨੂੰ ਦੇਖ ਸਕਦੇ ਹਾਂ। | ਸਹੀ |
| 5) ਹਰ ਵੈੱਬ ਪੇਜ ਦਾ ਆਪਣਾ ਵੈੱਬਸਾਈਟ ਐਡਰੇਸ ਹੁੰਦਾ ਹੈ। | ਸਹੀ |

### ਛੋਟੇ ਉੱਤਰਾਂ ਵਾਲੇ ਪ੍ਰਸ਼ਨ-

ਪ੍ਰਸ਼ਨ 1. ਇਨਫਰਮੇਸ਼ਨ ਟੈਕਨੋਲੋਜੀ (IT)ਕੀ ਹੈ?

ਉੱਤਰ- ਇਨਫਰਮੇਸ਼ਨ ਟੈਕਨੋਲੋਜੀ ਕੰਪਿਊਟਰ ਹਾਰਡਵੇਅਰ ਅਤੇ ਸਾਫਟਵੇਅਰ ਨਾਲ ਸੰਬੰਧਤ ਹੈ। ਇਸਨੂੰ IT ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸਦੀ ਵਰਤੋਂ ਸੂਚਨਾਵਾਂ ਨੂੰ ਪ੍ਰੋਸੈਸ ਕਰਨ, ਸਟੋਰ ਕਰਨ ਅਤੇ ਟ੍ਰਾਂਸਫਰ ਕਰਨ ਲਈ ਕੀਤੀ ਜਾਂਦੀ ਹੈ। ਕਿਸੇ ਵੀ ਦੇਸ਼ ਦੀ ਤਰੱਕੀ ਵਿਚ ਇਨਫਾਰਮੇਸ਼ਨ ਟੈਕਨੋਲੋਜੀ ਦਾ ਵੱਡਾ ਯੋਗਦਾਨ ਹੁੰਦਾ ਹੈ।

ਪ੍ਰਸ਼ਨ 2. ਵੈੱਬ ਸਾਈਟ ਕੀ ਹੈ?

ਉੱਤਰ- ਇੱਕ ਜਾਂ ਇੱਕ ਤੋਂ ਜ਼ਿਆਦਾ ਵੈਬ ਪੇਜਾਂ ਦੇ ਇੱਕਠ ਨੂੰ ਵੈੱਬ ਸਾਈਟ ਕਿਹਾ ਜਾਂਦਾ ਹੈ। ਵੈਬਸਾਈਟ ਦੇ ਪੇਜ਼ ਆਪਸ ਵਿਚ ਹਾਈਪਰਲਿੰਕਸ ਦੀ ਸਹਾਇਤਾ ਨਾਲ ਲਿੰਕ ਕੀਤੇ ਹੁੰਦੇ ਹਨ। ਹਰੇਕ ਵੈਬ ਪੇਜ਼ ਦਾ ਇੱਕ ਵਿਲੱਖਣ ਐਡਰੈਸ ਹੁੰਦਾ ਹੈ ਜਿਸਨੂੰ URL ਕਿਹਾ ਜਾਂਦਾ ਹੈ।

ਪ੍ਰਸ਼ਨ 3. ਮੋਬਾਈਲ ਟੈਕਨੋਲੋਜੀ ਦਾ ਕੀ ਅਰਥ ਹੈ?

ਉੱਤਰ- ਮੋਬਾਈਲ ਟੈਕਨੋਲੋਜੀ ਇਨਫਾਰਮੇਸ਼ਨ ਟੈਕਨੋਲੋਜੀ ਦਾ ਇੱਕ ਭਾਗ ਹੈ। ਇਸਦੀ ਵਰਤੋਂ ਨਾਲ ਸੰਸਾਰ ਦੇ ਦੂਰ-ਦੁਰਾਡੇ ਇਲਾਕਿਆਂ ਨਾਲ ਸੰਚਾਰ ਸੰਭਵ ਹੋ ਸਕਿਆ ਹੈ। ਇਸ ਟੈਕਨੋਲੋਜੀ ਨੇ ਸੰਚਾਰ ਦਾ ਚਿਹਰਾ ਪੂਰੀ ਤਰ੍ਹਾਂ ਬਦਲ ਦਿੱਤਾ ਹੈ।

**ਪ੍ਰਸ਼ਨ 4. ਆੱਨਲਾਈਨ ਸ਼ਾਪਿੰਗ ਕੀ ਹੈ?**
ਉੱਤਰ- ਆੱਨਲਾਈਨ ਸ਼ਾਪਿੰਗ ਇਲੈਕਟ੍ਰੋਨਿਕ ਕਾਮਰਸ ਜਾਂ ਵਪਾਰ ਦਾ ਇਕ ਤਰੀਕਾ ਹੈ।ਇਸਦੀ ਵਰਤੋਂ ਇੰਟਰਨੈੱਟ ਰਾਹੀਂ ਚੀਜ਼ਾਂ ਜਾਂ ਸੇਵਾਵਾਂ ਨੂੰ ਖਰੀਦਣ ਲਈ ਕੀਤੀ ਜਾਂਦੀ ਹੈ। ਆਨਲਾਈਨ ਸ਼ਾਪਿੰਗ ਨਾਲ ਅਸੀਂ ਘਰ ਬੈਠੇ ਕੋਈ ਵੀ ਚੀਜ਼ ਆਸਾਨੀ ਨਾਲ ਖਰੀਦ ਸਕਦੇ ਹਾਂ।

**ਪ੍ਰਸ਼ਨ 5. ਨੈੱਟ ਬੈਂਕਿੰਗ ਕੀ ਹੈ?**
ਉੱਤਰ- ਨੈਟ-ਬੈਂਕਿੰਗ ਨੂੰ ਆਨਲਾਈਨ ਬੈਂਕਿੰਗ ਵੀ ਕਿਹਾ ਜਾਂਦਾ ਹੈ। ਨੈੱਟ ਬੈਂਕਿੰਗ ਨੇ ਬੈਂਕਾਂ ਵਿਚ ਕੰਮ ਕਾਜ ਦਾ ਤਰੀਕੇ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ। ਨੈੱਟ-ਬੈਂਕਿੰਗ ਨਾਲ ਅਸੀਂ ਇੰਟਰਨੈਟ ਦੀ ਵਰਤੋਂ ਕਰਕੇ ਬੈਂਕਾਂ ਨਾਲ ਸੰਬੰਧਤ ਕੰਮ ਕਾਜ ਘਰ ਬੈਠੇ ਹੀ ਕਰ ਸਕਦੇ ਹਾਂ। ਉਦਾਹਰਣ ਲਈ: ਆਪਣੇ ਬੈਂਕ ਖਾਤੇ ਦੀ ਜਾਣਕਾਰੀ ਪ੍ਰਾਪਤ ਕਰਨਾ, ਪੈਸੇ ਟ੍ਰਾਂਸਫਰ ਕਰਨਾ, ਬਿੱਲ ਭਰਨਾ ਆਦਿ।

**ਪ੍ਰਸ਼ਨ 6. ਡਾਊਨਲੋਡਿੰਗ ਤੋਂ ਤੁਸੀਂ ਕੀ ਸਮਝਦੇ ਹੋ?**
ਉੱਤਰ-- ਡਾਊਨਲੋਡਿੰਗ ਦਾ ਅਰਥ ਹੈ ਕਿ ਸਾਡਾ ਕੰਪਿਊਟਰ ਇੰਟਰਨੈੱਟ ਦੇ ਜਰੀਏ ਡਾਟਾ ਪ੍ਰਾਪਤ ਕਰ ਰਿਹਾ ਹੈ। ਅਸੀਂ ਇੰਟਰਨੈਟ ਤੋਂ ਕਈ ਕਿਸਮਾਂ ਦੀਆਂ ਫਾਈਲਾਂ ਡਾਊਨਲੋਡ ਕਰਕੇ ਵਰਤ ਸਕਦੇ ਹਾਂ।





**ਪ੍ਰਸ਼ਨ 7. ਵੈੱਬ ਸਰਫ਼ਿੰਗ ਕੀ ਹੁੰਦੀ ਹੈ?**
ਉੱਤਰ- ਵੈੱਬ ਸਰਫਿੰਗ ਤੋਂ ਭਾਵ ਹੈ ਕਿਸੇ ਜਾਣਕਾਰੀ ਨੂੰ ਲੱਭਦੇ ਹੋਏ ਇੱਕ ਵੈੱਬ ਸਾਈਟ ਤੋਂ ਦੂਜੀ ਵੈੱਬ ਸਾਈਟ ਤੋਂ ਜਾਣਾ। ਇਸ ਦਾ ਇਕ ਹੋਰ ਅਰਥ ਹੈ - ਇੰਟਰਨੈਟ ਉੱਤੇ ਸਮਾਂ ਬਿਤਾਉਣਾ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ 1. ਆਨਲਾਈਨ ਰਿਜ਼ਲਟ ਦੇਖਣ ਦਾ ਤਰੀਕਾ ਦੱਸੋ।**
ਉ- ਆਨਲਾਈਨ ਰਿਜ਼ਲਟ ਦੇਖਣ ਦਾ ਤਰੀਕਾ ਹੇਠ ਲਿਖੇ ਅਨੁਸਾਰ ਹੈ।

1) ਸਭ ਤੋਂ ਪਹਿਲਾਂ ਵੈੱਬ ਬ੍ਰਾਊਜ਼ਰ ਖੋਲ੍ਹੋ।
2) ਐਡਰੈਸ ਬਾਰ ਵਿਚ ਵੈੱਬ ਸਾਈਟ ਦਾ ਅਡਰੈਸ pseb.ac.in ਟਾਈਪ ਕਰੋ ਅਤੇ ਐਂਟਰ ਕੀਅ ਦਬਾਉ।
3) Result ਆਪਸ਼ਨ ਤੇ ਕਲਿੱਕ ਕਰੋ।
4) Matriculation Examination Result ਤੇ ਕਲਿੱਕ ਕਰੋ।
5) Year of examination ਚੁਣੋ।
6) ਆਪਣਾ ਰੋਲ ਨੰਬਰ ਜਾਂ ਨਾਂ ਭਰੋ।
7) Find Result ਬਟਨ ਤੇ ਕਲਿੱਕ ਕਰੋ।
8) ਤੁਹਾਡਾ ਰਿਜ਼ਲਟ ਸਕਰੀਨ ਤੇ ਆ ਜਾਵੇਗਾ।




**ਪ੍ਰਸ਼ਨ 2. ਸਰਫ਼ਿੰਗ ਅਤੇ ਸਰਚਿੰਗ ਵਿਚ ਕੀ ਫ਼ਰਕ ਹੈ?**
ਉੱਤਰ-- ਸਰਫ਼ਿੰਗ ਅਤੇ ਸਰਚਿੰਗ ਵਿਚ ਹੇਠ ਲਿਖਿਆ ਫ਼ਰਕ ਹੈ-

| ਸਰਫ਼ਿੰਗ | ਸਰਚਿੰਗ |
|---|---|
| 1) ਸਰਫ਼ਿੰਗ ਦਾ ਅਰਥ ਹੈ ਕਿਸੇ ਵੈਬ ਸਾਈਟ ਨੂੰ ਦੇਖਣਾ।<br>2) ਇਹ ਸਰਚਿੰਗ ਤੋਂ ਬਾਅਦ ਲੋੜੀਂਦੀ ਵੈਬਸਾਈਟ ਦੇਖਣ ਦੀ ਪ੍ਰਕਿਰਿਆ ਹੈ।<br>3) ਸਰਫ਼ਿੰਗ ਵਾਸਤੇ ਸਰਚ ਇੰਜਣ ਦੀ ਵਰਤੋਂ ਨਹੀਂ ਕੀਤੀ ਜਾਂਦੀ ਹੈ। | 1) ਸਰਚਿੰਗ ਦਾ ਅਰਥ ਹੈ ਜਾਣਕਾਰੀ ਲੱਭਣਾ।<br>2) ਸਰਚਿੰਗ ਉਦੋਂ ਵਰਤੀ ਜਾਂਦੀ ਹੈ ਜਦੋਂ ਸਾਨੂੰ ਵੈਬਸਾਈਟ ਬਾਰੇ ਪੂਰੀ ਜਾਣਕਾਰੀ ਨਹੀਂ ਹੁੰਦੀ।<br>3) ਸਰਚਿੰਗ ਵਾਸਤੇ ਸਰਚ ਇੰਜਣ ਦੀ ਵਰਤੋਂ ਕੀਤੀ ਜਾਂਦੀ ਹੈ। |

**ਪ੍ਰਸ਼ਨ 3. ਆੱਨਲਾਈਨ ਅਤੇ ਆੱਫ਼ਲਾਈਨ ਵਿਚ ਕੀ ਫ਼ਰਕ ਹੈ?**
ਉੱਤਰ-- ਆੱਨਲਾਈਨ ਅਤੇ ਆੱਫ਼ਲਾਈਨ ਵਿਚ ਹੇਠ ਲਿਖੇ ਅੰਤਰ ਹਨ-

| ਆੱਨਲਾਈਨ | ਆੱਫ਼ਲਾਈਨ |
|---|---|
| 1) ਆੱਨਲਾਈਨ ਦਾ ਅਰਥ ਹੈ ਇੰਟਰਨੈੱਟ ਨਾਲ ਜੁੜੇ ਹੋਣਾ।<br>2) ਆੱਨਲਾਈਨ ਵਿਚ ਫਾਈਲਾਂ ਸਰਵਰ ਜਾਂ ਵੈਬ ਸਾਈਟਾਂ ਤੇ ਖੋਲ੍ਹੀਆਂ ਜਾਂਦੀਆਂ ਹਨ। | 1) ਆੱਫ਼ਲਾਈਨ ਦਾ ਅਰਥ ਹੈ ਇੰਟਰਨੈੱਟ ਨਾਲ ਜੁੜੇ ਨਾ ਹੋਣਾ।<br>2) ਆੱਫ਼ਲਾਈਨ ਵਿਚ ਫਾਈਲਾਂ, ਕੰਪਿਊਟਰ ਤੇ ਖੋਲ੍ਹੀਆਂ ਜਾਂਦੀਆਂ ਹਨ। |


**ਪ੍ਰਸ਼ਨ 4. ਇਨਫਰਮੇਸ਼ਨ ਟੈਕਨੋਲੋਜੀ ਦੀ ਜ਼ਰੂਰਤ ਦੀ ਵਿਆਖਿਆ ਕਰੋ।**
ਉੱਤਰ-- ਇਨਫਰਮੇਸ਼ਨ ਟੈਕਨੋਲੋਜੀ ਦੀ ਜ਼ਰੂਰਤ ਹੇਠ ਲਿਖੇ ਖੇਤਰਾਂ ਵਿਚ ਵਰਤੋਂ ਕਰਨ ਲਈ ਪਈ-

1) **ਵਪਾਰ ਅਤੇ ਉਦਯੋਗਾਂ ਲਈ-** ਵਪਾਰ ਅਤੇ ਉਦਯੋਗਾਂ ਵਿਚ ਕੰਮਕਾਰ ਸੌਖਾ ਕਰਨ ਲਈ ਇਨਫਰਮੇਸ਼ਨ ਟੈਕਨੋਲੋਜੀ ਦੀ ਵਰਤੋਂ ਕੀਤੀ ਜਾਂਦੀ ਹੈ।
2) **ਘਰਾਂ ਵਿਚ-** ਘਰਾਂ ਵਿਚ ਇਨਫਰਮੇਸ਼ਨ ਟੈਕਨੋਲੋਜੀ ਦੀ ਲੋੜ ਸੰਚਾਰ, ਸਿੱਖਿਆ ਅਤੇ ਮਨੋਰੰਜਨ ਕਰਨ ਲਈ ਕੀਤੀ ਜਾਂਦੀ ਹੈ।
3) **ਸਿਖਲਾਈ ਲਈ-** ਇਨਫਰਮੇਸ਼ਨ ਟੈਕਨੋਲੋਜੀ ਦੀ ਲੋੜ ਗਿਆਨ ਹਾਸਲ ਕਰਨ ਲਈ ਅਤੇ ਵੱਖ-ਵੱਖ ਖੇਤਰਾਂ ਵਿਚ ਸਿਖਲਾਈ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ।

## ਪਾਠ-4 (**ਪਾਵਰਪੁਆਇੰਟ ਨਾਲ ਜਾਣ ਪਛਾਣ**)

### ਖਾਲੀ ਥਾਵਾਂ ਭਰੋ

1) ਪਾਵਰ-ਪੁਆਇੰਟ ਇੱਕ ਪ੍ਰੈਜ਼ਨਟੇਸ਼ਨ ਪ੍ਰੋਗਰਾਮ ਹੈ।
2) ਪਾਵਰ-ਪੁਆਇੰਟ ਦੇ 5 ਵਿਊ ਹਨ।
3) ਸਲਾਈਡ ਸੋਰਟਰ ਵਿਊ ਵਿੱਚ ਤੁਸੀਂ ਸਲਾਈਡ ਵਿਚਲੀ ਸਮੱਗਰੀ ਦੀ ਕਾਂਟ-ਛਾਂਟ ਨਹੀਂ ਕਰ ਸਕਦੇ।
4) ਪ੍ਰੈਜ਼ਨਟੇਸ਼ਨ ਨੂੰ 6 ਤਰੀਕਿਆਂ ਰਾਹੀਂ ਬਣਾਇਆ ਜਾ ਸਕਦਾ ਹੈ।
5) ਸਮਾਰਟ ਆਰਟ ਦੀਆਂ 8 ਸ਼੍ਰੇਣੀਆਂ ਹੁੰਦੀਆਂ ਹਨ।




**ਚਿੱਤਰ: ਪਾਵਰਪੁਆਇੰਟ ਵਿੰਡੋ ਦੇ ਵੱਖ-ਵੱਖ ਭਾਗ**

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ 1. ਪਾਵਰ-ਪੁਆਇੰਟ ਕੀ ਹੈ?**

ਉੱਤਰ- ਪਾਵਰ-ਪੁਆਇੰਟ ਇਕ ਐਪਲੀਕੇਸ਼ਨ ਸਾਫ਼ਟਵੇਅਰ ਹੈ। ਇਸ ਦੀ ਵਰਤੋਂ ਪ੍ਰਭਾਵਸ਼ਾਲੀ ਪ੍ਰਜ਼ੈਨਟੇਸ਼ਨ ਤਿਆਰ ਕਰਨ ਵਾਸਤੇ ਕੀਤੀ ਜਾਂਦੀ ਹੈ। ਇਹ ਮਾਈਕਰੋ ਸਾਫ਼ਟ ਕੰਪਨੀ ਦਾ ਉਤਪਾਦ ਹੈ ਅਤੇ ਐਮ.ਐਸ. ਆਫ਼ਿਸ ਦਾ ਇਕ ਭਾਗ ਹੈ।

**ਪ੍ਰਸ਼ਨ 2. ਪ੍ਰੈਜ਼ਨਟੇਸ਼ਨ 'ਤੇ ਨੋਟ ਲਿਖੋ।**

ਉੱਤਰ- ਪ੍ਰੈਜ਼ਨਟੇਸ਼ਨ ਕਈ ਸਲਾਈਡਾਂ ਦਾ ਸਮੂਹ ਹੁੰਦਾ ਹੈ ਜੋ ਕਿ ਕਿਸੇ ਖ਼ਾਸ ਵਿਸ਼ੇ ਤੇ ਬਣੀ ਹੁੰਦੀ ਹੈ। ਪ੍ਰੈਜ਼ਨਟੇਸ਼ਨ ਵਿਚ ਪਿਕਚਰ, ਟੈਕਸਟ, ਗ੍ਰਾਫ਼, ਚਾਰਟ, ਐਨੀਮੇਸ਼ਨ ਆਦਿ ਹੋ ਸਕਦੇ ਹਨ। ਇਹ ਪਾਵਰ-ਪੁਆਇੰਟ ਦੀ ਇਕ ਫ਼ਾਈਲ ਵਿਚ ਸੇਵ ਕੀਤੀ ਜਾਂਦੀ ਹੈ।

**ਪ੍ਰਸ਼ਨ 3. ਪ੍ਰੈਜ਼ਨਟੇਸ਼ਨ ਤਿਆਰ ਕਰਨ ਦੇ ਅਲੱਗ-ਅਲੱਗ ਤਰੀਕਿਆਂ ਦੇ ਨਾਂ ਦੱਸੋ।**

ਉੱਤਰ- ਪ੍ਰੈਜ਼ਨਟੇਸ਼ਨ ਤਿਆਰ ਕਰਨ ਦੇ ਹੇਠ ਲਿਖੇ ਤਰੀਕੇ ਹਨ-

1) ਬਲੈਂਕ ਪ੍ਰੈਜ਼ਨਟੇਸ਼ਨ
2) ਰੀਸੈਂਟ ਟੈਮਪਲੇਟ
3) ਸੈਂਪਲ ਟੈਮਪਲੇਟ
4) ਥੀਮਸ
5) ਮਾਈ ਟੈਪਲੇਟ
6) ਨਿਊ ਫਰੋਮ ਐਗਜਿਸਟਿੰਗ।

**ਪ੍ਰਸ਼ਨ 4. ਐਨੀਮੇਸ਼ਨ ਕੀ ਹੈ?**

ਉੱਤਰ- ਐਨੀਮੇਸ਼ਨ ਦੀ ਵਰਤੋਂ ਪ੍ਰਭਾਵਸ਼ਾਲੀ ਪ੍ਰੈਜ਼ਨਟੇਸ਼ਨ ਬਨਾਉਣ ਲਈ ਕੀਤੀ ਜਾਂਦੀ ਹੈ। ਇਹ ਪਹਿਲਾਂ ਤੋਂ ਬਣੇ ਬਣਾਏ ਵੀਜ਼ੁਅਲ ਇਫ਼ੈਕਟਸ ਹੁੰਦੇ ਹਨ। ਪਾਵਰਪੁਆਇੰਟ ਵਿਚ ਇਹਨਾਂ ਨੂੰ ਕਿਸੇ ਵੀ ਵਸਤੂ ਤੇ ਲਗਾਇਆ ਜਾ ਸਕਦਾ ਹੈ। ਜਿਸ ਵਸਤੂ ਉਪਰ ਐਨੀਮੇਸ਼ਨ ਲਾਗਾਈ ਜਾਂਦੀ ਹੈ ਇਹ ਉਸ ਵਸਤੂ ਨੂੰ ਗਤੀਮਾਨ ਕਰ ਦਿੰਦੇ ਹੈ।

**ਪ੍ਰਸ਼ਨ 5. ਸਲਾਈਡ 'ਤੇ ਨੋਟ ਲਿਖੋ।**

ਉੱਤਰ- ਸਲਾਈਡ ਪਾਵਰ-ਪੁਆਇੰਟ ਦੇ ਇਕ ਪੇਜ ਨੂੰ ਕਹਿੰਦੇ ਹਨ । ਇਸ ਪੇਜ ਤੇ ਹੋਰ ਆਬਜੈਟ ਦਿਖਾਏ ਜਾਂਦੇ ਹਨ। ਪ੍ਰਜੈਨਟੇਸ਼ਨ ਦਿਖਾਉਣ ਦੇ ਵਕਤ ਇਕ ਸਮੇਂ ਇਕ ਸਲਾਈਡ ਦਿਖਾਈ ਦਿੰਦੀ ਹੈ। ਕਈ ਸਾਰੀਆਂ ਸਲਾਈਡਾਂ ਮਿਲ ਕੇ ਇਕ ਪ੍ਰੈਜ਼ਨਟੇਸ਼ਨ ਬਣਾਉਂਦੀਆਂ ਹਨ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ 1. ਪਾਵਰ-ਪੁਆਇੰਟ ਵਿਚ ਉਪਲੱਬਧ ਵੱਖ-ਵੱਖ ਵਿਊ ਬਾਰੇ ਜਾਣਕਾਰੀ ਦਿਉ।**

ਉੱਤਰ-- ਪਾਵਰ-ਪੁਆਇੰਟ ਵਿਚ ਹੇਠ ਲਿਖੇ 5 ਵਿਊ ਉਪਲੱਬਧ ਹੁੰਦੇ ਹਨ-

1) **ਨਾਰਮਲ ਵਿਊ**- ਇਹ ਡਿਫਾਲਡ ਅਤੇ ਮੁੱਖ ਵਿਊ ਹੈ। ਇਸ ਵਿਚ ਅਸੀਂ ਸਲਾਈਡ ਬਣਾ ਅਤੇ ਐਡਿਟ ਕਰ ਸਕਦੇ ਹਾਂ।
2) **ਸਲਾਈਡ ਸਾਰਟਰ ਵਿਊ**- ਇਸ ਵਿਊ ਵਿਚ ਸਲਾਈਡਾਂ ਦੇ ਥੰਮਨੇਲਜ਼ ਦਿਖਾਈ ਦਿਖਾਈ ਦਿੰਦੇ ਹਨ। ਇਸ ਵਿਊ ਦੀ ਵਰਤੋਂ ਸਲਾਈਡਾਂ ਦਾ ਕ੍ਰਮ ਬਦਲਣ ਵਾਸਤੇ ਕੀਤੀ ਜਾਂਦੀ ਹੈ। ਇਸ ਵਿਊ ਵਿਚ ਅਸੀਂ ਸਲਾਈਡਾਂ ਐਡਿਟ ਨਹੀਂ ਕਰ ਸਕਦੇ।
3) **ਨੋਟਸ ਵਿਊ**- ਇਸ ਵਿਊ ਦੀ ਵਰਤੋਂ ਸਲਾਈਡ ਬਾਰੇ ਜਾਣਕਾਰੀ ਲਿਖਣ ਵਾਸਤੇ ਕੀਤੀ ਜਾਂਦੀ ਹੈ। ਲਿਖੀ ਸੂਚਨਾ ਨੂੰ ਨੋਟਸ ਕਹਿੰਦੇ ਹਨ।
4) **ਰੀਡਿੰਗ ਵਿਊ**- ਇਸ ਵਿਊ ਨੂੰ ਪਰੂਫ਼ ਰੀਡਿੰਗ (Proof Reading) ਵਾਸਤੇ ਵਰਤਿਆ ਜਾਂਦਾ ਹੈ।
5) **ਮਾਸਟਰ ਵਿਊ**- ਇਸ ਨੂੰ ਹੈਂਡ ਆਊਟ ਨੋਟ ਵਿਊ ਵੀ ਕਹਿੰਦੇ ਹਨ। ਇਹ ਮੁੱਖ ਸਲਾਈਡਾਂ ਹੁੰਦੀਆਂ ਹਨ ਜਿਸ ਵਿਚ ਪ੍ਰੈਣਨਟੇਸ਼ਨ ਦੀ ਸਾਰੀ ਜਾਣਕਾਰੀ ਮੌਜੂਦ ਹੁੰਦੀ ਹੈ।


**ਪ੍ਰਸ਼ਨ 2. ਹੇਠ ਲਿਖਿਆਂ ਬਾਰੇ ਸੰਖੇਪ ਨੋਟ ਲਿਖੋ - 1. ਐਨੀਮੇਸ਼ਨ, 2. ਲੇ-ਆਊਟ, 3. ਸਲਾਈਡ ਟ੍ਰਾਂਜੀਸ਼ਨ**

**1. ਐਨੀਮੇਸ਼ਨ-** ਐਨੀਮੇਸ਼ਨ ਦੀ ਵਰਤੋਂ ਪ੍ਰਭਾਵਸ਼ਾਲੀ ਪ੍ਰੈਜ਼ਨਟੇਸ਼ਨ ਬਨਾਉਣ ਲਈ ਕੀਤੀ ਜਾਂਦੀ ਹੈ। ਇਹ ਪਹਿਲਾਂ ਤੋਂ ਬਣੇ ਬਣਾਏ ਵੀਜ਼ੂਅਲ ਇਫ਼ੈਕਟਸ ਹੁੰਦੇ ਹਨ। ਪਾਵਰਪੁਆਇੰਟ ਵਿਚ ਇਹਨਾਂ ਨੂੰ ਕਿਸੇ ਵੀ ਵਸਤੂ ਤੇ ਲਗਾਇਆ ਜਾ ਸਕਦਾ ਹੈ। ਜਿਸ ਵਸਤੂ ਉਪਰ ਐਨੀਮੇਸ਼ਨ ਲਾਗਾਈ ਜਾਂਦੀ ਹੈ ਇਹ ਉਸ ਵਸਤੂ ਨੂੰ ਗਤੀਮਾਨ ਕਰ ਦਿੰਦੇ ਹੈ।


**2. ਲੇ-ਆਊਟ-** ਲੇ-ਆਊਟ ਇਕ ਸਾਧਾਰਨ ਡਿਜ਼ਾਈਨ ਹੁੰਦਾ ਹੈ। ਇਹ ਸਾਨੂੰ ਸਲਾਈਡ ਅਤੇ ਆਬਜੈਕਟ ਦੀ ਸਥਿਤੀ ਦੱਸਦਾ ਹੈ। ਲੇ-ਆਊਟ ਕਈ ਪ੍ਰਕਾਰ ਦੇ ਹੁੰਦੇ ਹਨ। ਕਿਸੇ ਸਲਾਈਡ ਦੇ ਲੇ-ਆਊਟ ਤੇ ਟੈਕਸਟ ਟਾਈਟਲ, ਟੇਬਲ, ਚਾਰਟ, ਕਲਿੱਪ ਆਰਟ, ਮੀਡੀਆ ਕਲਿੱਪ, ਸਮਾਰਟ ਆਰਟ, ਤਸਵੀਰ ਜਾਂ ਪਿਕਚਰ ਆਦਿ ਹੋ ਸਕਦੇ ਹਨ।

ਜਦੋਂ ਅਸੀਂ ਨਵੀਂ ਸਲਾਈਡ ਖੋਲ੍ਹਦੇ ਹਾਂ ਤਾਂ ਲੇ-ਆਊਟ ਆਪਣੇ-ਆਪ ਖੁੱਲ੍ਹ ਜਾਂਦੇ ਹਨ। ਸਲਾਈਡ ਤੇ ਲੇ-ਆਊਟ ਲਗਾਉਣ ਦੇ ਹੇਠ ਲਿਖੇ ਸਟੈੱਪ ਹੁੰਦੇ ਹਨ-

a) ਹੋਮ ਰਿਬਨ ਤੇ ਕਲਿੱਕ ਕਰੋ।
b) ਲੇ-ਆਊਟ ਟੂਲ ਸਿਲੈਕਟ ਕਰੋ। ਇਸ ਵਿਚ ਪੁੱਲ ਡਾਊਨ ਲਿਸਟ ਖੁੱਲ੍ਹੇਗੀ।
c) ਉਸ ਵਿਚ ਆਪਣੀ ਪਸੰਦ ਦੀ ਲੇ-ਆਊਟ ਚੁਣੋ ਅਤੇ ਐਂਟਰ ਉੱਤੇ ਕਲਿੱਕ ਕਰੋ।




**3. ਸਲਾਈਡ ਟ੍ਰਾਂਜ਼ੀਸਨ-** ਇਕ ਸਲਾਈਡ ਤੋਂ ਬਾਅਦ ਦੂਜੀ ਸਲਾਈਡ ਆਉਣ ਤੇ ਜੋ ਵਿਜ਼ੂਅਲ ਇਫ਼ੈਕਟ ਵਰਤੇ ਜਾਂਦੇ ਹਨ ਉਹਨਾਂ ਨੂੰ ਸਲਾਈਡ ਟ੍ਰਾਂਜੀਸ਼ਨ ਕਹਿੰਦੇ ਹਨ। ਪਾਵਰ-ਪੁਆਇੰਟ ਵਿਚ ਵੱਖ-ਵੱਖ ਪ੍ਰਕਾਰ ਦੇ ਵਿਜ਼ੂਅਲ ਇਫ਼ੈਕਟ ਹੁੰਦੇ ਹਨ। ਸਲਾਈਡ ਟ੍ਰਾਂਜੀਸ਼ਨ ਲਗਾਉਣ ਦੇ ਸਟੈੱਪ ਹੇਠ ਲਿਖੇ ਅਨੁਸਾਰ ਹਨ-




a) ਟ੍ਰਾਂਜੀਸ਼ਨ ਰਿਬਨ ਤੇ ਕਲਿੱਕ ਕਰੋ।
b) ਕਿਸੇ ਇਕ ਟ੍ਰਾਂਜੀਸ਼ਨ ਨੂੰ ਸਲੈਕਟ ਕਰੋ।
c) ਟ੍ਰਾਂਜੀਸ਼ਨ ਸਾਊਂਡ, ਸਪੀਡ ਅਤੇ ਅਡਵਾਂਸ ਸਲਾਈਡ ਆਪਸ਼ਨਾਂ ਸੈੱਟ ਕਰੋ।

## ਪਾਠ-5 (**ਐਡਵਾਂਸਡ ਪਾਵਰਪੁਆਇੰਟ**)

### ਖਾਲੀ ਥਾਵਾਂ ਭਰੋ

1) ਗ੍ਰੇਡੀਐਂਟ ਆਪਸ਼ਨ ਫਾਰਮੈਟ ਬੈਕਗਰਾਊਂਡ ਡਾਈਲਾਗ ਬਾਕਸ ਵਿੱਚ ਹੁੰਦੀ ਹੈ।
2) ਵੀਡੀਓ ਨੂੰ ਦੋ ਤਰੀਕਿਆਂ ਨਾਲ ਦਾਖ਼ਲ ਕੀਤਾ ਜਾ ਸਕਦਾ ਹੈ।
3) ਕਲਿੱਪ ਆਰਟ ਵੀਡੀਓ, ਵੀਡੀਓ ਫਰੋਮ ਵੈਬਸਾਈਟ ਅਤੇ ਵੀਡੀਓ ਫਰੋਮ ਫਾਈਲ ਤਿੰਨ ਤਰੀਕੇ ਹਨ, ਜਿਸ ਨਾਲ ਵੀਡੀਓ ਦਾਖ਼ਲ ਕੀਤੀ ਜਾ ਸਕਦੀ ਹੈ।
4) ਵਰਡ ਡਾਕੂਮੈਂਟ, ਬਿਟ ਮੈਪ, ਵਰਕਸ਼ੀਟ ਨੂੰ ਇਨਸਰਟ ਟੈਬ ਆਪਸ਼ਨ ਨਾਲ ਦਾਖ਼ਲ ਕੀਤਾ ਜਾਂਦਾ ਹੈ।
5) ਬੈਕਗਰਾਊਂਡ ਸਟਾਈਲ ਬਟਨ ਡਿਜ਼ਾਈਨ ਰੀਬਨ ਤੇ ਉਪਲੱਬਧ ਹੈ।

### ਸਹੀ/ਗ਼ਲਤ ਦੱਸੋ


1) ਥੀਮਸ ਪਹਿਲਾਂ ਤੋਂ ਹੀ ਪਰਿਭਾਸ਼ਤ ਬੈਕਗਰਾਊਂਡ ਡਿਜ਼ਾਈਨ ਟੈਕਸਟ ਸਟਾਈਲ ਕਲਰ ਹੁੰਦੇ ਹਨ। **ਸਹੀ**
2) ਪਾਵਰ-ਪੁਆਇੰਟ ਵਿੱਚ ਵੱਖ-ਵੱਖ ਤਰ੍ਹਾਂ ਦੇ ਆਬਜੈਕਟ ਦਾਖ਼ਲ ਨਹੀਂ ਹੁੰਦੇ ਹਨ। **ਗ਼ਲਤ**
3) ਕਲਰ ਸਕੀਮ ਸਲਾਈਡਾਂ ਤੇ ਲਾਗੂ ਨਹੀਂ ਹੁੰਦੀ। **ਗ਼ਲਤ**
4) ਕਲਿੱਪ ਔਰਗੇਨਾਇਜ਼ਰ, ਐਨੀਮੈਟਡ ਕਲਿੱਪ ਨੂੰ ਸਟੋਰ ਕਰਨ ਲਈ ਵਰਤਿਆ ਜਾਂਦਾ ਹੈ। **ਸਹੀ**

### ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ 1. ਸਲਾਈਡ ਦੀ ਦਿੱਖ ਨੂੰ ਬਦਲਣ ਲਈ ਵੱਖ-ਵੱਖ ਤਰੀਕਿਆਂ ਦੇ ਨਾਂ ਦੱਸੋ।**

ਉੱਤਰ-- ਸਲਾਈਡ ਦੀ ਦਿੱਖ ਨੂੰ ਬਦਲਣ ਲਈ ਹੇਠ ਲਿਖੇ ਤਰੀਕੇ ਵਰਤੇ ਜਾਂਦੇ ਹਨ:

- ਡਿਜ਼ਾਈਨ ਥੀਮ
- ਕਲਰ ਸਕੀਮ
- ਬੈਕਗਰਾਊਂਡ ਸਟਾਈਲ ਆਦਿ



**ਪ੍ਰਸ਼ਨ 2. ਕਲਰ ਸਕੀਮ ਦੀ ਵਰਤੋਂ ਬਾਰੇ ਦੱਸੋ।**

ਉੱਤਰ-- ਕਲਰ ਸਕੀਮ ਦੀ ਵਰਤੋਂ ਟੈਕਸਟ, ਲਾਈਨਾਂ, ਟਾਈਟਲ ਅਤੇ ਕਿਸੇ ਵੀ ਪ੍ਰਕਾਰ ਦੇ ਆਬਜੈਕਟ ਦਾ ਰੰਗ ਬਦਲਣ ਵਾਸਤੇ ਕੀਤੀ ਜਾਂਦੀ ਹੈ। ਇਹਨਾਂ ਦੀ ਵਰਤੋਂ ਨਾਲ ਸਲਾਈਡ ਦੀ ਦਿੱਖ ਨੂੰ ਬਦਲਿਆ ਜਾ ਸਕਦਾ ਹੈ। ਇਸ ਨਾਲ ਸਲਾਈਡ ਦਾ ਅਗਲਾ ਅਤੇ ਪਿਛਲਾ ਰੰਗ ਵੀ ਬਦਲਿਆ ਜਾ ਸਕਦਾ ਹੈ।

**ਪ੍ਰਸ਼ਨ 3. ਕਲਿੱਪ ਔਰਗੇਨਾਈਜ਼ਰ ਬਾਰੇ ਦੱਸੋ।**

ਉੱਤਰ- ਕਲਿੱਪ ਔਰਗੇਨਾਈਜ਼ਰ ਦੀ ਵਰਤੋਂ ਪਾਵਰਪੁਆਇੰਟ ਵਿਚ ਵੱਖ-ਵੱਖ ਕਿਸਮਾਂ ਦੀਆਂ ਕਲਿੱਪਸ ਨੂੰ ਪ੍ਰਬੰਧਿਤ ਕਰਨ ਲਈ ਕੀਤੀ ਜਾਂਦੀ ਹੈ। ਇਸ ਵਿਚ ਵੱਖ-ਵੱਖ ਐਨੀਮੇਟਿਡ ਕਲਿੱਪਸ, ਵੀਡੀਉਜ਼, ਤਸਵੀਰਾਂ ਅਤੇ ਹੋਰ ਮੀਡੀਆ ਸਟੋਰ ਹੁੰਦੇ ਹਨ। ਇਹਨਾਂ ਦੀ ਵਰਤੋਂ ਪ੍ਰੈਜ਼ਨਟੇਸ਼ਨ ਬਨਾਉਣ ਲਈ ਕੀਤੀ ਜਾਂਦੀ ਹੈ।

**ਪ੍ਰਸ਼ਨ 4. ਥੀਮਸ ਕੀ ਹੁੰਦੇ ਹਨ?**

ਉੱਤਰ-- ਥੀਮਸ ਪਹਿਲਾਂ ਤੋਂ ਹੀ ਤਿਆਰ ਬੈਕਗਰਾਊਂਡ ਡਿਜ਼ਾਈਨ, ਟੈਕਸਟ, ਸਟਾਈਲ ਕਲਰ ਆਦਿ ਹੁੰਦੇ ਹਨ। ਇਸਨੂੰ ਇਕ ਜਾਂ ਵੱਧ ਸਲਾਈਡਾਂ ਵਾਸਤੇ ਵਰਤਿਆ ਜਾਂਦਾ ਹੈ। ਇਹਨਾਂ ਦੀ ਵਰਤੋਂ ਨਾਲ ਸਲਾਈਡ ਦੀ ਦਿੱਖ ਨੂੰ ਬਦਲਿਆ ਜਾ ਸਕਦਾ ਹੈ।

**ਪ੍ਰਸ਼ਨ 5. ਪਾਵਰ-ਪੁਆਇੰਟ ਵਿਚ ਦਾਖ਼ਲ ਹੋਣ ਵਾਲੇ ਵੱਖ-ਵੱਖ ਤਰ੍ਹਾਂ ਦੇ ਆਬਜੈਕਟਾਂ ਦੇ ਨਾਂ ਦੱਸੋ।**

ਉੱਤਰ-- ਪਾਵਰ-ਪੁਆਇੰਟ ਵਿਚ ਦਾਖ਼ਲ ਹੋਣ ਵਾਲੇ ਵੱਖ-ਵੱਖ ਤਰ੍ਹਾਂ ਦੇ ਆਬਜੈਕਟਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ:


- ਵਰਕਸ਼ੀਟ
- ਬਿਟਮੈਪ
- ਪਿਕਚਰ
- ਕਲਿੱਪ ਆਰਟ ਆਦਿ

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ 1. ਵੀਡੀਓ ਨੂੰ ਆਪਣੀ ਪ੍ਰੈਜ਼ਨਟੇਸ਼ਨ ਵਿੱਚ ਦਾਖ਼ਲ ਕਰਨ ਦੇ ਸਟੈੱਪ ਦੱਸੋ।**

ਉੱਤਰ-- ਆਪਣੀ ਪ੍ਰੈਜ਼ਨਟੇਸ਼ਨ ਵਿੱਚ ਵੀਡੀਓ ਤਿੰਨ ਪ੍ਰਕਾਰ ਦਾਖ਼ਲ ਕੀਤੀ ਜਾ ਸਕਦੀ ਹੈ:

i. ਵੀਡੀਓ ਫਰਾਮ ਫਾਈਲ
ii. ਵੀਡੀਓ ਫਰਾਮ ਵੈਬਸਾਈਟ
iii. ਕਲਿੱਪ ਆਰਟ ਵੀਡੀਓ।





ਕਲਿੱਪ ਆਰਟ ਵੀਡੀਓ ਦੁਆਰਾ **ਵੀਡੀਓ ਦਾਖਲ ਕਰਨ ਦੇ ਸਟੈਪ ਇਸ ਪ੍ਰਕਾਰ ਹਨ:**

a. ਨਾਰਮਲ ਵਿਊ ਦੀ ਚੋਣ ਕਰੋ।
b. Insert ਟੈਬ ਤੇ Media ਗਰੁੱਪ ਵਿਚ ਆਪਸ਼ਨ ਦੀ ਚੋਣ ਕਰੋ।
c. ਕਲਿੱਪ ਆਰਟ ਵੀਡੀਉ ਆਪਸ਼ਨ ਤੇ ਕਲਿੱਕ ਕਰੋ।
d. ਕਲਿੱਪ ਆਰਟ ਸਰਚ ਬਾਕਸ ਵਿਚ ਲੋੜੀਂਦੀ ਕਲਿੱਪ ਲੱਭੋ।
ਕ। ਕਲਿੱਪ ਸਿਲੈਕਟ ਕਰੋ।(ਚੁਣਿਆ ਕਲਿੱਪ ਦਾਖ਼ਲ ਹੋ ਜਾਵੇਗਾ।)

**ਪ੍ਰਸ਼ਨ 2. ਕਲਰ-ਸਕੀਮ ਕੀ ਹੈ ? ਕਲਰ ਸਕੀਮ ਬਦਲਣ ਦੇ ਸਟੈੱਪ ਲਿਖੋ।**

ਉੱਤਰ-- ਕਲਰ ਸਕੀਮ ਦੀ ਵਰਤੋਂ ਟੈਕਸਟ, ਲਾਈਨਾਂ, ਟਾਈਟਲ ਅਤੇ ਕਿਸੇ ਵੀ ਪ੍ਰਕਾਰ ਦੇ ਆਬਜੈਕਟ ਦਾ ਰੰਗ ਬਦਲਣ ਵਾਸਤੇ ਕੀਤੀ ਜਾਂਦੀ ਹੈ। ਇਹਨਾਂ ਦੀ ਵਰਤੋਂ ਨਾਲ ਸਲਾਈਡ ਦੀ ਦਿੱਖ ਨੂੰ ਬਦਲਿਆ ਜਾ ਸਕਦਾ ਹੈ। ਇਸ ਨਾਲ ਸਲਾਈਡ ਦਾ ਅਗਲਾ ਅਤੇ ਪਿਛਲਾ ਰੰਗ ਵੀ ਬਦਲਿਆ ਜਾ ਸਕਦਾ ਹੈ। ਕਲਰ-ਸਕੀਮ ਹੇਠ ਲਿਖੇ ਅਨੁਸਾਰ ਬਦਲੀ ਜਾ ਸਕਦੀ ਹੈ:


i. ਡਿਜ਼ਾਈਨ ਟੈਬ ਤੇ ਕਲਿੱਕ ਕਰੋ।
ii. ਰਿਬਨ ਟੈਬ ਉੱਤੇ ਥੀਮ ਗਰੁੱਪ ਵਿਚ ਕਲਰ ਬਟਨ ਉੱਤੇ ਕਲਿੱਕ ਕਰੋ।
iii. ਇਕ ਡਰੋਪ ਡਾਊਨ ਲਿਸਟ ਖੁੱਲ੍ਹੇਗੀ। ਉਸ ਵਿਚੋਂ ਆਪਣੀ ਪਸੰਦ ਦੀ ਕਲਰ ਸਕੀਮ ਚੁਣੋ।



**ਪ੍ਰਸ਼ਨ 3. ਬੈਕਗਰਾਊਂਡ ਸਟਾਈਲ ਨੂੰ ਬਦਲਣ ਦੇ ਸਟੈੱਪ ਲਿਖੋ।**

ਉੱਤਰ- ਇਸ ਦੀ ਵਰਤੋਂ ਨਾਲ ਸਲਾਈਡ ਦੀ ਦਿੱਖ ਨੂੰ ਬਦਲਿਆ ਜਾ ਸਕਦਾ ਹੈ। ਬੈਕਗਰਾਊਂਡ ਸਟਾਈਲ ਬਦਲਣ ਦੇ ਸਟੈੱਪ ਹੇਠ ਲਿਖੇ ਅਨੁਸਾਰ ਹਨ:


a) Design ਰਿਬਨ ਉੱਤੇ ਕਲਿੱਕ ਕਰੋ।
b) Background Style ਬਟਨ ਉੱਤੇ ਕਲਿੱਕ ਕਰੋ।
c) ਆਪਣੇ ਲੋੜੀਂਦੇ ਬੈਕਗਰਾਊਂਡ ਸਟਾਈਲ ਤੇ ਕਲਿੱਕ ਕਰੋ।
d) ਕਲਿੱਕ ਕੀਤਾ ਸਟਾਈਲ ਲਾਗੂ ਹੋ ਜਾਵੇਗਾ।




**ਪ੍ਰਸ਼ਨ 4. ਸਲਾਈਡ ਦੀ ਬੈਕਗਰਾਊਂਡ ਵਿਚ ਤਸਵੀਰ ਲਗਾਉਣ ਦੇ ਸਟੈੱਪ ਲਿਖੋ।**

ਉੱਤਰ- ਆਪਣੀ ਪ੍ਰੈਜ਼ਨਟੇਸ਼ਨ ਵਿਚ ਸਲਾਈਡ ਦੀ ਬੈਕਗਰਾਊਂਡ ਵਿਚ ਤਸਵੀਰ ਲਗਾਉਣ ਦੇ ਸਟੈੱਪ ਹੇਠ ਲਿਖੇ ਅਨੁਸਾਰ ਹਨ-


a) Design ਰਿਬਨ ਉੱਤੇ ਕਲਿੱਕ ਕਰੋ।
b) Background Style ਆਪਸ਼ਨ ਉੱਤੇ ਕਲਿੱਕ ਕਰੋ।
c) ਇਸ ਵਿੱਚ Format Background ਆਪਸ਼ਨ ਉੱਤੇ ਕਲਿੱਕ ਕਰੋ।
d) Fill ਆਪਸ਼ਨ ਵਿਚ Picture or Texture fill ਆਪਸ਼ਨ ਚੁਣੋ।
e) Insert from file ਵਿਚ ਕਲਿੱਪ ਆਰਟ ਜਾਂ ਕਲਿੱਪ ਬੋਰਡ ਚੁਣੋ।
f) ਆਪਣੀ ਪਸੰਦ ਦੀ ਪਿਕਚਰ ਸਿਲੈਕਟ ਕਰੋ।
g) Apply to all slide ਉੱਤੇ ਕਲਿੱਕ ਕਰੋ।
h) Close ਬਟਨ ਤੇ ਕਲਿੱਕ ਕਰੋ।
(ਸਲਾਈਡ ਵਿਚ ਪਿਕਚਰ ਇਨਸਰਟ ਹੋ ਜਾਵੇਗੀ)




**ਪ੍ਰਸ਼ਨ 5. ਪਾਵਰ-ਪੁਆਇੰਟ ਵਿਚ ਆਬਜੈਕਟ ਦਾਖ਼ਲ ਕਰਨ ਦੇ ਸਟੈੱਪ ਲਿਖੋ।**

ਉੱਤਰ- ਆਬਜੈਕਟ ਦਾਖ਼ਲ ਕਰਨ ਦੇ ਹੇਠ ਲਿਖੇ ਸਟੈੱਪ ਹੋਣਗੇ-

i. ਜਿੱਥੇ ਸਲਾਈਡ ਵਿਚ ਆਬਜੈਕਟ ਦਾਖ਼ਲ ਕਰਨਾ ਹੈ ਉੱਥੇ ਕਲਿੱਕ ਕਰੋ।
ii. ਇਨਸਰਟ ਟੈੱਬ ਦੇ ਟੈਕਸਚਰ ਗਰੁੱਪ ਵਿਚ ਆਬਜੈਕਟ ਆਪਸ਼ਨ ਉੱਤੇ ਕਲਿੱਕ ਕਰੋ।
iii. ਇਨਸਰਟ ਆਬਜੈਕਟ ਡਾਈਲਾਗ ਬਾਕਸ ਦਿਖਾਈ ਦੇਵੇਗਾ।
iv. ਜਿਹੜਾ ਆਬਜੈਕਟ ਸਾਨੂੰ ਚਾਹੀਦਾ ਹੈ ਜਿਵੇਂ ਕਿ ਬਿਟਮੈਪ, ਵਰਡ ਪੈਡ ਡਾਕੂਮੈਂਟ ਆਦਿ ਨੂੰ ਸਲੈਕਟ ਕਰੋ।
v. Ok ਬਟਨ ਤੇ ਕਲਿੱਕ ਕਰੋ।




## ਪਾਠ-6 (ਐਮ.ਐਸ. ਐਕਸਲ ਨਾਲ ਜਾਣ ਪਛਾਣ)

### ਖਾਲੀ ਥਾਵਾਂ ਭਰੋ

1) ਵਰਕਸ਼ੀਟ ਦੇ ਸਮੂਹ ਨੂੰ ਵਰਕਬੁੱਕ ਕਿਹਾ ਜਾਂਦਾ ਹੈ।
2) ਪਹਿਲਾਂ ਤੋਂ ਨਿਰਧਾਰਿਤ ਹਰ ਇੱਕ ਵਰਕਬੁੱਕ ਵਿੱਚ 3 ਵਰਕਸ਼ੀਟਾਂ ਹੁੰਦੀਆਂ ਹਨ।
3) ਇੱਕ ਵਰਕਸ਼ੀਟ ਵਿੱਚ ਵੱਧ ਤੋਂ ਵੱਧ 1048576 ਰੋਅ ਮੌਜੂਦ ਹੁੰਦੀਆਂ ਹਨ।
4) ਇੱਕ ਵਰਕੁਸ਼ੀਟ ਵਿੱਚ ਵੱਧ ਤੋਂ ਵੱਧ 16384 ਕਾਲਮ ਮੌਜੂਦ ਹੁੰਦੇ ਹਨ।
5) ਰੋਅ ਅਤੇ ਕਾਲਮ ਦੇ ਕਾਟ ਖੇਤਰ ਤੋਂ ਇੱਕ ਸੈੱਲ ਬਣਦਾ ਹੈ।
6) ਐਕਟਿਵ ਸੈੱਲ ਉਹ ਹੁੰਦਾ ਹੈ ਇਸ ਵਿੱਚ ਅਸੀਂ ਕੰਮ ਕਰ ਰਹੇ ਹੁੰਦੇ ਹਾਂ।
7) ਐਕਸਲ ਵਿੱਚ ਹਰ ਇੱਕ ਸੈੱਲ ਦਾ ਇੱਕ ਵੱਖਰਾ ਐਡਰੈਸ ਹੁੰਦਾ ਹੈ।

## ਸਹੀ/ਗ਼ਲਤ ਦੱਸੋ


1) ਐਕਸਲ ਨੂੰ ਗਣਿਤ ਦੀਆਂ ਗਣਨਾਵਾਂ ਕਰਨ ਲਈ ਵਰਤਿਆ ਜਾਂਦਾ ਹੈ। ਸਹੀ
2) ਸਟੇਟਸ ਬਾਰ ਐਕਸਲ ਵਿੰਡੋ ਦੇ ਸਭ ਤੋਂ ਉੱਪਰ ਦਿਖਾਈ ਦਿੰਦਾ ਹੈ। ਗ਼ਲਤ
3) ਜਦੋਂ ਅਸੀਂ ਸੈੱਲ ਵਿੱਚ ਫਾਰਮੂਲਾ ਦਾਖ਼ਲ ਕਰਦੇ ਹਾਂ, ਉਹ ਸਾਨੂੰ ਫਾਰਮੂਲਾ ਬਾਰ ਵਿੱਚ ਨਜ਼ਰ ਆਉਂਦਾ ਹੈ। ਸਹੀ
4) ਰਿਬਨ ਐਕਸਲ ਵਿੰਡੋ ਦੇ ਹੇਠਲੇ ਪਾਸੇ ਮੌਜੂਦ ਹੁੰਦਾ ਹੈ। ਗ਼ਲਤ
5) ਐਕਸਲ ਨੂੰ ਖੋਲ੍ਹਣ ਲਈ ਸਰਚ ਬਾਰ ਵਿੱਚ ਐਕਸਲ ਟਾਈਪ ਕਰੋ ਅਤੇ ਕੀ-ਬੋਰਡ ਤੋਂ ਐਂਟਰ ਬਟਨ ਦਬਾਓ। ਸਹੀ

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ 1. ਐੱਮ. ਐੱਸ. ਐਕਸਲ ਦੇ ਵੱਖ-ਵੱਖ ਇਸਤੇਮਾਲ ਦੱਸੋ।**

ਉੱਤਰ-- ਐੱਮ. ਐੱਸ. ਐਕਸਲ ਦੇ ਹੇਠ ਲਿਖੇ ਇਸਤੇਮਾਲ ਹਨ-

i. ਐਕਸਲ ਵਿਚ ਅਸੀਂ ਗਣਨਾਵਾਂ ਕਰ ਸਕਦੇ ਹਾਂ।
ii. ਐਕਸਲ ਦੀ ਵਰਤੋਂ ਡਾਟੇ ਨੂੰ ਚਾਰਟ ਰੂਪ ਦੇਣ ਵਾਸਤੇ ਕੀਤੀ ਜਾਂਦੀ ਹੈ।
iii. ਐਕਸਲ ਦੀ ਵਰਤੋਂ ਸਕੂਲ ਟਾਈਮ ਟੇਬਲ ਬਣਾਉਣ ਵਾਸਤੇ ਕੀਤੀ ਜਾ ਸਕਦੀ ਹੈ।
iv. ਇਸ ਵਿਚ ਕਰਮਚਾਰੀਆਂ ਦੀਆਂ ਤਨਖਾਹਾਂ ਬਣਾਈਆਂ ਜਾ ਸਕਦੀਆਂ ਹਨ।
v. ਵਿਦਿਆਰਥੀਆਂ ਦਾ ਰਿਜ਼ਲਟ ਤਿਆਰ ਕੀਤਾ ਜਾ ਸਕਦਾ ਹੈ।




ਚਿੱਤਰ: ਐਕਸਲ ਵਿੰਡੋ ਦੇ ਮੁੱਖ ਭਾਗ

**ਪ੍ਰਸ਼ਨ 2. ਐਮ. ਐਸ. ਐਕਸਲ ਵਿੰਡੋ ਦੇ ਭਾਗਾਂ ਦੀ ਸੂਚੀ ਬਣਾਉ।**

ਉੱਤਰ- ਐਮ. ਐਸ. ਐਕਸਲ ਵਿੰਡੋ ਦੇ ਮੁੱਖ ਭਾਗਾਂ ਦੀ ਸੂਚੀ ਇਸ ਪ੍ਰਕਾਰ ਹੈ:

- ਟਾਈਟਲ ਬਾਰ
- ਕੁਇਕ ਐਕਸੈਸ ਬਾਰ
- ਟੈਬਸ
- ਰਿਬਨ
- ਐਡਰੈਸ ਬਾਰ
- ਫਾਰਮੂਲਾ ਬਾਰ
- ਵਰਕ ਏਰੀਆ
- ਸਟੇਟਸ ਬਾਰ
- ਸਕਰੋਲ ਬਾਰ ਆਦਿ

**ਪ੍ਰਸ਼ਨ 3. ਫਾਰਮੂਲਾ ਬਾਰ ਨੂੰ ਬਿਆਨ ਕਰੋ।**

ਉੱਤਰ- ਫਾਰਮੂਲਾ ਬਾਰ ਰਿਬਨ ਦੇ ਹੇਠਾਂ ਹੁੰਦਾ ਹੈ। ਇਸ ਵਿਚ ਮੌਜੂਦਾ ਸੈਲ ਦੇ ਕੰਟੈਂਟ ਦਿਖਾਈ ਦਿੰਦੇ ਹਨ। ਇਸਦੀ ਵਰਤੋਂ ਨਾਲ ਸੈਲ ਕੰਟੈਂਟ ਠੀਕ ਕਰਨ ਅਤੇ ਨਵਾਂ ਕੰਟੈਂਟ ਜਾਂ ਫਾਰਮੂਲਾ ਦਾਖ਼ਲ ਕਰਨ ਵਾਸਤੇ ਕੀਤੀ ਜਾ ਸਕਦੀ ਹੈ।

**ਪ੍ਰਸ਼ਨ 4. ਐੱਮ. ਐੱਸ. ਐਕਸਲ ਵਿਚ ਐਕਟਿਵ ਸੈੱਲ ਕੀ ਹੁੰਦਾ ਹੈ ?**

ਉੱਤਰ- ਐਕਟਿਵ ਸੈੱਲ ਨੂੰ ਮੌਜੂਦਾ ਸੈਲ ਕਿਹਾ ਜਾਂਦਾ ਹੈ। ਐੱਮ. ਐੱਸ. ਐਕਸਲ ਵਿਚ ਐਕਟਿਵ ਸੈੱਲ ਉਹ ਸੈੱਲ ਹੁੰਦਾ ਹੈ, ਜਿਸ ਵਿਚ ਅਸੀਂ ਕੰਮ ਕਰ ਰਹੇ ਹੁੰਦੇ ਹਾਂ। ਇਹ ਗੂੜ੍ਹੇ ਰੰਗ ਦਾ ਆਇਤਾਕਾਰ ਬਾਕਸ ਹੁੰਦਾ ਹੈ।

**ਪ੍ਰਸ਼ਨ 5. ਐਕਸਲ ਦੀ ਵਰਕ-ਬੁੱਕ ਵਿਚ ਨਵੀਂ ਵਰਕਸ਼ੀਟ ਕਿਵੇਂ ਦਾਖ਼ਲ ਕੀਤੀ ਜਾਂਦੀ ਹੈ? ਦੱਸੋ।**

ਉੱਤਰ- ਐਕਸਲ ਦੀ ਵਰਕ-ਬੁੱਕ ਵਿਚ ਨਵੀਂ ਵਰਕਸ਼ੀਟ ਦਾਖ਼ਲ ਕਰਨ ਦੇ ਸਟੈਪ ਹੇਠ ਲਿਖੇ ਅਨੁਸਾਰ ਹਨ:

- ਕੀਅ-ਬੋਰਡ ਤੋਂ Shift+F11 ਕੀਅ ਦਬਾਓ।

### ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ 1. ਐੱਮ. ਐੱਸ. ਐਕਸਲ ਵਿਚ ਇਸਤੇਮਾਲ ਹੋਣ ਵਾਲੀ ਸ਼ਬਦਾਵਲੀ (ਟਰਮੀਨੋਲੋਜੀ) ਦਾ ਵਰਣਨ ਕਰੋ।**

ਉੱਤਰ-- ਐੱਮ. ਐੱਸ. ਐਕਸਲ ਵਿਚਲੀ ਟਰਮਨੋਲੋਜੀ ਹੇਠ ਲਿਖੇ ਅਨੁਸਾਰ ਹੈ-

- i. **ਵਰਕਬੁੱਕ**- ਵਰਕਬੁੱਕ ਵਰਕਸ਼ੀਟਾਂ ਦਾ ਸਮੂਹ ਹੁੰਦਾ ਹੈ।
- ii. **ਵਰਕਸ਼ੀਟ**- ਐਕਸਲ ਦੇ ਪੇਜ ਨੂੰ ਵਰਕਸ਼ੀਟ ਕਹਿੰਦੇ ਹਨ।
- iii. **ਰੋਅ**- ਰੋਅ ਲੇਟਵੀਂ ਦਿਸ਼ਾ ਵਿਚ ਸੈੱਲਾਂ ਤੋਂ ਮਿਲ ਕੇ ਬਣਦੀ ਹੈ।
- iv. **ਕਾਲਮ**- ਖੜ੍ਹਵੀਂ ਦਿਸ਼ਾ ਵਿਚ ਸੈੱਲਾਂ ਦੇ ਮੇਲ ਤੋਂ ਮਿਲ ਕੇ ਬਣਦੀ ਹੈ।
- v. **ਸੈੱਲ**- ਰੋਅ ਅਤੇ ਕਾਲਮ ਦੇ ਕਾਟ ਨਾਲ ਬਣਨ ਵਾਲੀ ਆਇਤ ਨੂੰ ਸੈੱਲ ਕਹਿੰਦੇ ਹਨ।
- vi. **ਐਕਟਿਵ ਸੈੱਲ**- ਐਕਟਿਵ ਸੈੱਲ ਉਹ ਹੁੰਦਾ ਹੈ ਜਿਸ ਵਿਚ ਅਸੀਂ ਕੰਮ ਕਰ ਰਹੇ ਹੁੰਦੇ ਹਾਂ।
- vii. **ਸੈੱਲ ਅਡਰੈਸ**- ਸੈੱਲ ਅਡਰੈਸ ਕਿਸੇ ਵੀ ਸੈੱਲ ਦਾ ਪਤਾ ਹੁੰਦਾ ਹੈ ਜਿਸ ਦੀ ਵਰਤੋਂ ਫਾਰਮੂਲੇ ਵਿਚ ਕੀਤੀ ਜਾਂਦੀ ਹੈ।

**ਪ੍ਰਸ਼ਨ 2. ਐੱਮ. ਐੱਸ. ਐਕਸਲ ਵਿਚ ਟੈਕਸਟ ਨੂੰ ਰੈਪ ਕਿਵੇਂ ਕੀਤਾ ਜਾਂਦਾ ਹੈ?**

ਉੱਤਰ-- ਐੱਮ. ਐੱਸ. ਐਕਸਲ ਵਿਚ ਟੈਕਸਟ ਅੱਗੇ ਲਿਖੇ ਅਨੁਸਾਰ ਰੈਪ ਹੁੰਦਾ ਹੈ-

- i. ਸਭ ਤੋਂ ਪਹਿਲਾਂ ਲੋੜੀਂਦਾ ਸੈੱਲ ਸਿਲੈਕਟ ਕਰੋ।
- ii. ਹੋਮ ਟੈਬ ਤੇ ਕਲਿੱਕ ਕਰੋ।
- iii. ਰੈਪ ਟੈਕਸਟ ਬਟਨ ਤੇ ਕਲਿੱਕ ਕਰੋ।

**ਪ੍ਰਸ਼ਨ 3. ਐੱਮ. ਐੱਸ. ਐਕਸਲ ਵਿਚ ਸੈੱਲਾਂ ਵਿਚ ਰੇਂਜ ਭਰਨ ਬਾਰੇ ਲਿਖੋ।**

ਉੱਤਰ-- ਐੱਮ. ਐੱਸ. ਐਕਸਲ ਵਿਚ ਸੈੱਲਾਂ ਦੀ ਰੇਂਜ ਹੇਠ ਲਿਖੇ ਅਨੁਸਾਰ ਭਰੀ ਜਾ ਸਕਦੀ ਹੈ-

- i. ਰੇਂਜ ਭਰਨ ਵਾਲੇ ਸੈੱਲਾਂ ਦੀ ਚੋਣ ਕਰੋ।
- ii. ਰੇਂਜ ਵਿਚ ਪਹਿਲਾਂ ਸੈੱਲ ਚੁਣੋ।
- iii. ਲੋੜੀਂਦਾ ਡਾਟਾ ਐਂਟਰ ਕਰੋ।
- iv. Fill Handle ਤੇ ਮਾਊਸ ਦਾ ਖੱਬਾ ਬਟਨ ਦਬਾਉ ਅਤੇ ਮਾਊਸ ਨੂੰ ਆਖਰੀ ਸੈੱਲ ਤਕ ਡਰੈਗ ਕਰੋ।

**ਪ੍ਰਸ਼ਨ 4. ਐੱਮ. ਐੱਸ. ਐਕਸਲ ਵਿਚ ਸੀਰੀਜ਼ ਬਣਾਉਣ ਬਾਰੇ ਲਿਖੋ।**

ਉੱਤਰ-- ਐੱਮ. ਐੱਸ. ਐਕਸਲ ਵਿਚ ਸੀਰੀਜ਼ ਹੇਠ ਲਿਖੇ ਅਨੁਸਾਰ ਬਣਦੀ ਹੈ-

- i. ਪਹਿਲੇ ਸੈੱਲ ਨੂੰ ਸਿਲੈਕਟ ਕਰੋ।
- ii. ਉਸ ਵਿਚ ਸੀਰੀਜ਼ ਦਾ ਪਹਿਲਾ ਸ਼ਬਦ ਭਰੋ।
- iii. ਦੂਜੇ ਸੈੱਲ ਵਿਚ ਦੂਸਰਾ ਸ਼ਬਦ ਟਾਈਪ ਕਰੋ।
- iv. ਹੁਣ ਦੋਵੇਂ ਸੈੱਲਾਂ ਨੂੰ ਸਿਲੈਕਟ ਕਰੋ।
- v. Fill Handle ਤੇ ਮਾਊਸ ਦਾ ਖੱਬਾ ਬਟਨ ਦਬਾਉ ਅਤੇ ਲੋੜੀਂਦੀ ਲੰਬਾਈ ਤਕ ਮਾਊਸ ਨੂੰ ਡਰੈਗ ਕਰੋ।

**ਪ੍ਰਸ਼ਨ 5. ਐੱਮ. ਐੱਸ. ਐਕਸਲ ਵਿਚ ਆਪਣੀ ਫਾਈਲ ਨੂੰ ਸੇਵ ਕਿਵੇਂ ਕੀਤਾ ਜਾਂਦਾ ਹੈ?**

ਉੱਤਰ-- ਐੱਮ. ਐੱਸ. ਐਕਸਲ ਵਿਚ ਫਾਈਲ ਹੇਠ ਲਿਖੇ ਅਨੁਸਾਰ ਸੇਵ ਕੀਤੀ ਜਾਂਦੀ ਹੈ-

- i. ਫਾਈਲ ਮੀਨੂੰ ਤੇ ਕਲਿੱਕ ਕਰੋ।
- ii. ਸੇਵ ਆਪਸ਼ਨ ਤੇ ਕਲਿੱਕ ਕਰੋ।
  (ਸੇਵ ਡਾਈਲਾਗ ਬਾਕਸ ਦਿਖਾਈ ਦੇਵੇਗਾ।)
- iii. ਲੋੜੀਂਦੇ ਫੋਲਡਰ ਦਾ ਚੁਣਾਵ ਕਰੋ।
- iv. ਫਾਈਲ ਦਾ ਨਾਮ ਟਾਈਪ ਕਰੋ।
- v. Save ਬਟਨ ਉੱਤੇ ਕਲਿੱਕ ਕਰੋ।
  (ਫਾਈਲ ਸੇਵ ਹੋ ਜਾਵੇਗੀ।)

## ਪਾਠ-7 (**ਮੈਮਰੀ ਯੂਨਿਟਸ ਅਤੇ ਜਨਰੇਸ਼ਨਜ਼**)

### ਖਾਲੀ ਥਾਵਾਂ ਭਰੋ

1) 8 ਬਿਟਸ ਦੇ ਸਮੂਹ ਨੂੰ ਬਾਈਟ ਕਿਹਾ ਜਾਂਦਾ ਹੈ।
2) ਇਕ ਬਿਟ ਜਾਂ ਬਾਈਨਰੀ ਡੀਜ਼ਿਟ ਨੂੰ ਲੋਜੀਕਲ 0 ਅਤੇ 1 ਰਾਹੀਂ ਪੇਸ਼ ਕੀਤਾ ਜਾ ਸਕਦਾ ਹੈ।
3) ਰੈਮ (RAM) ਤੋਂ ਭਾਵ ਹੈ ਰੈਂਡਮ ਐਕਸੈਸ ਮੈਮਰੀ
4) ਰੋਮ (ROM) ਤੋਂ ਭਾਵ ਹੈ ਰੀਡ ਉਨਲੀ ਮੈਮਰੀ
5) ਇਕ ਡਿਸਕ ਦਾ ਹਰ ਇੱਕ ਟਰੈਕ ਛੋਟੇ ਭਾਗਾਂ ਵਿਚ ਵੰਡਿਆ ਹੁੰਦਾ ਹੈ, ਜਿਨ੍ਹਾਂ ਨੂੰ ਸੈਕਟਰ ਕਿਹਾ ਜਾਂਦਾ ਹੈ।

### ਸਹੀ/ਗ਼ਲਤ ਦੱਸੋ

| | |
|---|---|
| 1) 8 ਬੀਟਸ ਦੇ ਸਮੂਹ ਨੂੰ ਗੀਗਾ ਬਾਈਟ ਕਿਹਾ ਜਾਂਦਾ ਹੈ। | ਗ਼ਲਤ |
| 2) ਮੁੱਖ ਮੈਮਰੀ ਕੈਸ਼ ਮੈਮਰੀ ਤੋਂ ਤੇਜ਼ ਹੁੰਦੀ ਹੈ। | ਗ਼ਲਤ |
| 3) ਪਰੋਮ(PROM) ਤੋਂ ਭਾਵ ਹੈ ਪ੍ਰੋਗਰਾਮੇਬਲ ਰੀਡ ਓਨਲੀ ਮੈਮਰੀ। | ਸਹੀ |
| 4) ਈਪਰੋਮ(EPROM) ਤੋਂ ਭਾਵ ਹੈ ਈਰੇਜ਼ੇਬਲ ਪ੍ਰੋਗਰਾਮੇਬਲ ਰੀਡ ਓਨਲੀ ਮੈਮਰੀ। | ਸਹੀ |
| 5) ਡਿਸਕ ਦਾ ਤਲ ਪਾਰਦਰਸ਼ੀ ਸਾਂਝੇ ਕੇਂਦਰ ਬਿੰਦੂ ਵਾਲੇ ਚੱਕਰਾਂ ਵਿਚ ਵੰਡਿਆ ਹੁੰਦਾ ਹੈ। | ਸਹੀ |

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ 1. ਮੈਮਰੀ ਦੇ ਭਾਗਾਂ ਦੇ ਨਾਮ ਦੱਸੋ।**

ਉੱਤਰ- ਮੈਮਰੀ ਦੇ ਭਾਗਾਂ ਦੇ ਨਾਮ ਇਸ ਪ੍ਰਕਾਰ ਹਨ:

- ਸੈੱਲ
- ਸੈਕਟਰ
- ਟਰੈਕਸ
- ਸਿਲੰਡਰ

**ਪ੍ਰਸ਼ਨ 2. ਰੋਮ ਦੇ ਵੱਖ-ਵੱਖ ਭਾਗਾਂ ਦੇ ਨਾਮ ਲਿਖੋ।**

ਉੱਤਰ-- ਰੋਮ ਦੀਆਂ ਕਿਸਮਾਂ ਹੇਠ ਲਿਖੀਆਂ ਹਨ-

- MROM
- EPROM
- PROM
- EEPROM

**ਪ੍ਰਸ਼ਨ 3. ਪਹਿਲੀ ਜਨਰੇਸ਼ਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਦੱਸੋ।**

ਉੱਤਰ-- ਪਹਿਲੀ ਜਨਰੇਸ਼ਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ-

1. ਵੈਕਿਊਮ ਟਿਊਬਾਂ ਅਤੇ ਇਲੈਕਟ੍ਰੋਮੈਗਨੈਟਿਕ ਰਿਲੇਅ ਮੈਮਰੀ ਅਤੇ ਪੰਚ ਕਾਰਡ ਸੈਕੰਡਰੀ ਮੈਮਰੀ ਵਜੋਂ ਵਰਤੇ ਜਾਂਦੇ ਸਨ।
2. ਇਹਨਾਂ ਵਿਚ ਮਸ਼ੀਨ ਅਤੇ ਅਸੈਂਬਲੀ ਭਾਸ਼ਾਂਵਾਂ ਦੀ ਵਰਤੋਂ ਕੀਤੀ ਜਾਂਦੀ ਸੀ
3. ਇਹਨਾਂ ਕੰਪਿਊਟਰਾਂ ਦਾ ਆਕਾਰ ਵੱਡਾ ਸੀ।
4. ਇਹ ਬਹੁਤ ਗਰਮੀ ਪੈਦਾ ਕਰਦੇ ਸਨ।
5. ਇਹ ਸਿਸਟਮ ਜ਼ਿਆਦਾ ਭਰੋਸੇਯੋਗ ਨਹੀਂ ਸਨ।
6. ਇਹ ਮਹਿੰਗੇ ਅਤੇ ਇਸਤੇਮਾਲ ਕਰਨ ਵਿਚ ਮੁਸ਼ਕਲ ਸਨ।

**ਪ੍ਰਸ਼ਨ 4. ਚੌਥੀ ਜਨਰੇਸ਼ਨ ਦੇ ਕੰਪਿਊਟਰ ਸਿਸਟਮਾਂ ਦੇ ਨਾਂ ਦੱਸੋ।**

ਉੱਤਰ-- ਚੌਥੀ ਜਨਰੇਸ਼ਨ ਦੇ ਕੰਪਿਊਟਰ ਸਿਸਟਮ ਹਨ।

- IBM PC
- CRAY II
- Apple II
- CRAY-X/MP
- CRAY I

**ਪ੍ਰਸ਼ਨ 5. AI ਵਿਚ ਸ਼ਾਮਿਲ ਖੇਤਰਾਂ ਬਾਰੇ ਲਿਖੋ।**

ਉੱਤਰ-- AI ਵਿਚ ਸ਼ਾਮਿਲ ਖੇਤਰ ਹਨ-

- ਰੋਬੋਟਿਕਸ
- ਐਕਸਪਰਟ ਸਿਸਟਮ
- ਗੇਮ ਪਲੇਇੰਗ
- ਮਨੁੱਖੀ ਭਾਸ਼ਾਂਵਾਂ ਨੂੰ ਸਮਝਣਾ

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

**ਪ੍ਰਸ਼ਨ 1. ਐਕਸਟਰਨਲ ਮੈਮਰੀ ਦਾ ਵਿਸਥਾਰਪੂਰਵਕ ਵਰਣਨ ਕਰੋ।**

ਉੱਤਰ-- ਐਕਸਟਰਨਲ ਮੈਮਰੀ ਨੂੰ ਸੈਕੰਡਰੀ ਜਾਂ ਐਗਜ਼ੂਅਲਰੀ ਜਾਂ ਸਥਾਈ ਮੈਮਰੀ ਵੀ ਕਿਹਾ ਜਾਂਦਾ ਹੈ। ਇਹ ਮੈਗਨੈਟਿਕ ਅਤੇ ਆਪਟੀਕਲ ਟਾਈਪ ਦੀ ਹੁੰਦੀ ਹੈ। ਇਸ ਵਿਚ ਡਾਟਾ ਪੱਕੇ ਤੌਰ ਤੇ ਸਟੋਰ ਰਹਿੰਦਾ ਹੈ। ਇਸ ਵਿਚ ਡਾਟਾ ਬਿਜਲੀ ਬੰਦ ਹੋ ਜਾਣ ਤੇ ਵੀਸਟੋਰ ਰਹਿੰਦਾ ਹੈ। ਇਸ ਮੈਮਰੀ ਨੂੰ ਸੀ. ਪੀ. ਯੂ. ਸਿੱਧੇ ਤੌਰ ਤੇ ਇਸਤੇਮਾਲ ਨਹੀਂ ਕਰਦਾ। ਸੈਕੰਡਰੀ ਮੈਮਰੀ ਵਿਚ ਡਾਟਾ ਸਮਰੱਥਾ ਪ੍ਰਾਈਮਰੀ ਮੈਮਰੀ ਦੇ ਮੁਕਾਬਲੇ ਬਹੁਤ ਜ਼ਿਆਦਾ ਹੁੰਦੀ ਹੈ। ਸੈਕੰਡਰੀ ਮੈਮਰੀ ਪ੍ਰਾਇਮਰੀ ਮੈਮਰੀ ਦੇ ਮੁਕਾਬਲੇ ਸਸਤੀ ਹੁੰਦੀ ਹੈ। ਇਸ ਦੀ ਰਫਤਾਰ ਪ੍ਰਾਇਮਰੀ ਮੈਮਰੀ ਤੋਂ ਘੱਟ ਹੁੰਦੀ ਹੈ। ਉਦਾਹਰਨਾਂ- ਫਲਾਪੀ, ਸੀ.ਡੀ., ਡੀ. ਵੀ. ਡੀ., ਹਾਰਡ ਡਿਸਕ, ਪੈਨ ਡਰਾਇਵ

**ਪ੍ਰਸ਼ਨ 2. ਸੈਕੰਡਰੀ ਮੈਮਰੀ ਦੀਆਂ ਵਿਸ਼ੇਸ਼ਤਾਵਾਂ ਬਾਰੇ ਦੱਸੋ।**


ਉੱਤਰ-- ਸੈਕੰਡਰੀ ਮੈਮਰੀ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹਨ।



1. ਇਹ ਮੈਗਨੈਟਿਕ ਅਤੇ ਆਪਟੀਕਲ ਟਾਈਪ ਦੀ ਹੁੰਦੀ ਹੈ।
2. ਇਸ ਵਿਚ ਡਾਟਾ ਪੱਕੇ ਤੌਰ ਤੇ ਸਟੋਰ ਰਹਿੰਦਾ ਹੈ।
3. ਬਿਜਲੀ ਬੰਦ ਹੋ ਜਾਣ ਤੇ ਵੀ ਡਾਟਾ ਸਟੋਰ ਰਹਿੰਦਾ ਹੈ।
4. ਇਸ ਮੈਮਰੀ ਨੂੰ ਸੀ. ਪੀ. ਯੂ. ਸਿੱਧੇ ਤੌਰ ਤੇ ਇਸਤੇਮਾਲ ਨਹੀਂ ਕਰਦਾ।
5. ਸੈਕੰਡਰੀ ਮੈਮਰੀ ਵਿਚ ਡਾਟਾ ਸਮਰੱਥਾ ਪ੍ਰਾਈਮਰੀ ਮੈਮਰੀ ਦੇ ਮੁਕਾਬਲੇ ਬਹੁਤ ਜ਼ਿਆਦਾ ਹੁੰਦੀ ਹੈ।
6. ਸੈਕੰਡਰੀ ਮੈਮਰੀ ਪ੍ਰਾਇਮਰੀ ਮੈਮਰੀ ਦੇ ਮੁਕਾਬਲੇ ਸਸਤੀ ਹੁੰਦੀ ਹੈ।
7. ਇਸ ਦੀ ਰਫਤਾਰ ਪ੍ਰਾਇਮਰੀ ਮੈਮਰੀ ਨਾਲੋਂ ਘੱਟ ਹੁੰਦੀ ਹੈ।
8. ਉਦਾਹਰਨਾਂ- ਫਲਾਪੀ, ਸੀ.ਡੀ., ਡੀ. ਵੀ. ਡੀ., ਹਾਰਡ ਡਿਸਕ, ਪੈਨ ਡਰਾਇਵ

**ਪ੍ਰਸ਼ਨ 3. ਟਰੈਕਸ ਕੀ ਹੁੰਦੇ ਹਨ ?**

ਉੱਤਰ-- ਕਿਸੇ ਵੀ ਡਿਸਕ ਦਾ ਤਲ ਪਾਰਦਰਸ਼ੀ ਸਾਂਝੇ ਕੇਂਦਰ ਬਿੰਦੂ ਵਾਲੇ ਚੱਕਰਾਂ ਵਿਚ ਵੰਡਿਆ ਹੁੰਦਾ ਹੈ। ਇਹਨਾਂ ਚੱਕਰਾਂ ਨੂੰ ਟਰੈਕਸ ਕਿਹਾ ਜਾਂਦਾ ਹੈ। ਇਹਨਾਂ ਟਰੈਕਸ ਨੂੰ ਜ਼ੀਰੋ ਤੋਂ ਸ਼ੁਰੂ ਕਰਕੇ ਨੰਬਰ ਦਿੱਤੇ ਜਾਂਦੇ ਹਨ। ਇਹਨਾਂ ਟਰੈਕਸ ਦੀ ਗਿਣਤੀ ਵੱਖ-ਵੱਖ ਪ੍ਰਕਾਰ ਦੀਆਂ ਡਿਸਕਾਂ ਵਿਚ ਵੱਧ-ਘੱਟ ਹੋ ਸਕਦੀ ਹੈ।




**ਪ੍ਰਸ਼ਨ 4. ਸੈਕਟਰ ਕੀ ਹੁੰਦੇ ਹਨ ?**

ਉੱਤਰ-- ਕਿਸੇ ਵੀ ਡਿਸਕ ਵਿਚ ਕਈ ਟਰੈਕ ਹੁੰਦੇ ਹਨ। ਹਰ ਟਰੈਕ ਨੂੰ ਛੋਟੇ-ਛੋਟੇ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। ਇਹਨਾਂ ਹਿੱਸਿਆਂ ਨੂੰ ਸੈਕਟਰ ਕਿਹਾ ਜਾਂਦਾ ਹੈ। ਹਰ ਇਕ ਟਰੈਕ ਵਿਚ 8 ਜਾਂ ਉਸ ਤੋਂ ਵੱਧ ਸੈਕਟਰ ਹੋ ਸਕਦੇ ਹਨ। ਹਰੇਕ ਸੈਕਟਰ ਵਿਚ 512 ਬਾਈਟਸ ਸਟੋਰ ਕਰਨ ਦੀ ਸਮਰੱਥਾ ਹੁੰਦੀ ਹੈ।

ਪ੍ਰਸ਼ਨ 5. ਕੰਪਿਊਟਰ ਦੀ ਪੰਜਵੀਂ ਜਨਰੇਸ਼ਨ ਬਾਰੇ ਵਿਸਥਾਰ ਨਾਲ ਦੱਸੋ।

ਉੱਤਰ-- ਕੰਪਿਊਟਰ ਦੀ ਪੰਜਵੀਂ ਜਨਰੇਸ਼ਨ 1989 ਤੋਂ ਹੁਣ ਤੱਕ ਮੰਨੀ ਜਾਂਦੀ ਹੈ। ਇਹ ਕੰਪਿਊਟਰ ULSI ਟੈਨੋਲੋਜੀ ਦੀ ਵਰਤੋਂ ਕਰਦੇ ਹਨ। ਇਹਨਾਂ ਵਿਚ ਮਾਇਕ੍ਰੋਪ੍ਰੋਸੈਸਰ ਚਿੱਪਾਂ ਦੀ ਵਰਤੋਂ ਹੁੰਦੀ ਹੈ।ਇਹਨਾਂ ਚਿੱਪਾਂ ਵਿਚ 10 ਮਿਲੀਅਨ ਤਕ ਪੁਰਜ਼ੇ ਲਗ ਸਕਦੇ ਹਨ।ਇਸ ਜਨਰੇਸ਼ਨ ਦੇ ਕੰਪਿਊਟਰ ਆਰਟੀਫਿਸ਼ਿਅਲ ਇਨਟੈਲੀਜੈਂਸ ਦੇ ਆਧਾਰ ਤੇ ਕੰਮ ਕਰਦੇ ਹਨ। ਇਹਨਾਂ ਵਿਚ ਹਾਈ ਲੈਵਲ ਭਾਸ਼ਾਵਾਂ ਜਿਵੇਂ ਕਿ C, C++, Java ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਇਹਨਾਂ ਵਿਚ ਇੰਟਰਨੈਟ ਅਤੇ ਕਲਸਟਰ ਕੰਪਿਊਟਿੰਗ ਦੀ ਵਰਤੋਂ ਹੁੰਦੀ ਹੈ। ਪੰਜਵੀਂ ਜਨਰੇਸ਼ਨ ਦੇ ਕੰਪਿਊਟਰ ਕਈ ਪ੍ਰਕਾਰ ਦੇ ਹਨ, ਜਿਵੇਂ ਨੋਟ ਬੁੱਕ, ਡੈਸਕਟਾਪ, ਵਰਕਸਟੇਸ਼ਨ, ਸੁਪਰ ਕੰਪਿਊਟਰ ਆਦਿ।

## FULL FORMS

| | |
|---|---|
| **ARPANET** | **ADVANCED RESEARCH PROJECT AGENCY NETWORK (ਐਡਵਾਂਸਡ ਰੀਸਰਚ ਪ੍ਰੋਜੈਕਟ ਐਜੰਸੀ ਨੈਟਵਰਕ)** |
| **RAM** | **RANDOM ACCESS MEMORY (ਰੈਂਡਮ ਐਕਸੈਸ ਮੈਮਰੀ)** |
| **ROM** | **READ ONLY MEMORY (ਰੀਡ ਓਨਲੀ ਮੈਮਰੀ)** |
| **MODEM** | **MODULATER DEMODULATER (ਮਾਡੂਲੇਟਰ ਡੀਮਾਡੂਲੇਟਰ)** |
| **TCP/IP** | **TRANSMITION CONTROL PROTOCOL (ਟ੍ਰਾਂਸਮੀਸ਼ਨ ਕੰਟਰੋਲ ਪ੍ਰੋਟੋਕੋਲ)** |
| **DSL** | **DIGITAL SUBSCRIBER LINE (ਡੀਜ਼ੀਟਲ ਸਬਸਕ੍ਰਾਈਬਰ ਲਾਈਨ)** |
| **ISDN** | **INTEGRATED SERVICE DIGITAL NETWORK (ਇੰਟੀਗਰੇਟਡ ਸਰਵਿਸ ਡੀਜ਼ੀਟਲ ਨੈਟਵਰਕ)** |
| **ISP** | **INTERNET SERVICE PROVIDER (ਇੰਟਰਨੈਟ ਸਰਵਿਸ ਪ੍ਰੋਵਾਈਡਰ)** |
| **NIC** | **NETWORK INTERFACE CARD (ਨੈਟਵਰਕ ਇੰਟਰਫੇਸ ਕਾਰਡ)** |
| **IAP** | **INTERNET ACCESS PROVIDER (ਇੰਟਰਨੈਟ ਐਕਸੈਸ ਪ੍ਰੋਵਾਈਡਰ)** |
| **WWW** | **WORLD WIDE WEB (ਵਰਲਡ ਵਾਇਡਿ ਵੈਬ)** |
| **URL** | **UNIFROM RESOURCE LOCATER (ਯੁਨੀਫੋਰਮ ਰਿਸੋਰਸ ਲੋਕੇਟਰ)** |
| **EMAIL** | **ELECTRONIC MAIL (ਇਲੈਕਟ੍ਰੋਨਿਕ ਮੇਲ)** |
| **E COMMERCE** | **ELECTRONIC COMMERCE (ਇਲੈਕਟ੍ਰੋਨਿਕ ਕਾਮਰਸ)** |
| **FTP** | **FILE TRANSFER PROTOCOL (ਫਾਈਲ ਟਰਾਂਸਫਰ ਪ੍ਰੋਟੋਕੋਲ)** |
| **IT** | **INFORMATION TECHNOLOGY (ਇਨਫੋਰਮੇਸ਼ਨ ਟੈਕਨੋਲੋਜੀ)** |
| **SERP** | **SEARCH ENGINE RESULT PAGE (ਸਰਚ ਇੰਜਣ ਰਿਜ਼ਲਟ ਪੇਜ਼)** |
| **HTML** | **HYPER TEXT MARKUP LANGUAGE (ਹਾਈਪਰ ਟੈਕਸਟ ਮਾਰਕਅਪ ਲੈਂਗੁਏਜ਼)** |
| **CSS** | **CASCADING STYLE SHEET (ਕਾਸਕੇਡਿੰਗ ਸਟਾਈਲ ਸ਼ੀਟ))** |
| **KB** | **KILO BYTE (ਕਿਲੋ ਬਾਈਟ)** |
| **MB** | **MEGA BYTE (ਮੈਗਾ ਬਾਈਟ)** |
| **GB** | **GIGA BYTE (ਗੀਗਾ ਬਾਈਟ)** |
| **TB** | **TERA BYTE (ਟੈਰਾ ਬਾਈਟ)** |
| **PB** | **PENTA BYTE (ਪੈਂਟਾ ਬਾਈਟ)** |
| **CPU** | **CENTRAL PROCESSING UNIT (ਸੈਂਟਰਲ ਪ੍ਰੋਸੈਸਿੰਗ ਯੂਨਿਟ)** |
| **UPS** | **UNINTERRUPTED POWER SUPPLY (ਅਨਇੰਟ੍ਰਪਟਡ ਪਾਵਟ ਸਪਲਾਈ)** |
| **SRAM** | **STATIC RANDOM ACCESS MEMORY (ਸਟੈਟਿਕ ਰੈਂਡਮ ਐਕਸੈਸ ਮੈਮਰੀ)** |
| **DRAM** | **DYNAMIC RANDOM ACCESS MEMORY (ਡਾਇਨਾਮਿਕ ਰੈਂਡਮ ਐਕਸੈਸ ਮੈਮਰੀ)** |
| **MROM** | **MASKED READ ONLY MEMROY (ਮਾਸਕਡ ਰੀਡ ਓਨਲੀ ਮੈਮਰੀ)** |
| **PROM** | **PROGRAMMABLE READ ONLY MEMROY (ਪ੍ਰੋਗਰਾਮੇਬਲ ਰੀਡ ਓਨਲੀ ਮੈਮਰੀ)** |
| **EPROM** | **ERASABLE PROGRAMMABLE READ ONLY MEMROY (ਇਰੇਜ਼ੇਬਲ ਪ੍ਰੋਗਰਾਮੇਬਲ ਰੀਡ ਓਨਲੀ ਮੈਮਰੀ)** |
| **EEPROM** | **ELECTRONICALLY ERASABLE PROGRAMMABLE READ ONLY MEMROY (ਇਲੈਕਟ੍ਰੋਨੀਕਲੀ ਇਰੇਜ਼ੇਬਲ ਪ੍ਰੋਗਰਾਮੇਬਲ ਰੀਡ ਓਨਲੀ ਮੈਮਰੀ)** |
| **CD** | **COMPACT DISK (ਕੰਮਪੈਕਟ ਡੀਸਕ)** |
| **DVD** | **DIGITAL VIDEO DISK (ਡੀਜ਼ੀਟਲ ਵੀਡੀਓ ਡੀਸਕ)** |
| **bpi** | **BITS PER INCH (ਬਿਟਸ ਪਰ ਇੰਚ)** |
| **IC** | **INTEGRATED CIRCUIT (ਇੰਟੀਗ੍ਰੇਡਿ ਸਰਕਟ)** |
| **VLSI** | **VERY LARGE SCALE INTEGRATED CIRCUIT (ਵੈਰੀ ਲਾਰਜ ਸਕੇਲ ਇੰਟੀਗ੍ਰੇਡਿ ਸਰਕਟ)** |
| **ULSI** | **ULTRA LARGE SCALE INTEGRATED CIRCUIT (ਅਲਟਰਾ ਲਾਰਜ ਸਕੇਲ ਇੰਟੀਗ੍ਰੇਡਿ ਸਰਕਟ)** |
| **AI** | **ARTIFICIAL INTELLIGENCE (ਆਰਟੀਫੀਸ਼ੀਅਲ ਇੰਟੈਲੀਜੈਂਸ)** |
| **PC** | **PERSONAL COMPUTER (ਪਰਸਨਲ ਕੰਪਿਊਟਰ)** |

**SHORTCUT KEYS**

| | | | |
|---|---|---|---|
| **1. Ctrl+A** | **:** | **Select All** | **(ਸਾਰਾ ਟੈਕਸਟ ਸਲੈਕਟ ਕਰਨ ਲਈ)** |
| **2. Ctrl+B** | **:** | **Bold** | **(ਟੈਕਸਟ ਨੂੰ ਬੋਲਡ ਕਰਨ ਲਈ)** |
| **3. Ctrl+C** | **:** | **Copy** | **(ਕਾਪੀ ਕਰਨ ਲਈ)** |
| **4. Ctrl+F** | **:** | **Find** | **(ਲੱਭਣ ਲਈ)** |
| **5. Ctrl+G** | **:** | **Goto line/page no etc.** | **(ਕਿਸੇ ਲਈਨ ਜਾਂ ਪੇਜ਼ ਆਦਿ ਤੇ ਜਾਣ ਲਈ)** |
| **6. Ctrl+H** | **:** | **Replace** | **(ਇਕ ਚੀਜ਼ ਨੂੰ ਦੂਜੀ ਚੀਜ਼ ਨਾਲ ਬਦਲਣ ਲਈ)** |
| **7. Ctrl+N** | **:** | **New File** | **(ਨਵੀਂ ਫਾਈਲ ਖੋਲਣ ਲਈ)** |
| **8. Ctrl+O** | **:** | **Open File** | **(ਪਹਿਲਾਂ ਤੋਂ ਬਣੀ ਫਾਈਲ ਖੋਲਣ ਲਈ)** |
| **9. Ctrl+P** | **:** | **Print** | **(ਫਾਈਲ ਨੂੰ ਪ੍ਰਿੰਟ ਕਰਨ ਲਈ)** |
| **10. Ctrl+S** | **:** | **Save File** | **(ਫਾਈਲ ਨੂੰ ਸੇਵ ਕਰਨ ਲਈ)** |
| **11. Ctrl+V** | **:** | **Paste** | **(ਕੱਟ ਜਾਂ ਕਾਪੀ ਕੀਤੀ ਚੀਜ਼ ਨੂੰ ਪੇਸਟ ਕਰਨ ਲਈ)** |
| **12. Ctrl+W** | **:** | **Close File** | **(ਫਾਈਲ ਨੂੰ ਬੰਦ ਕਰਨ ਲਈ)** |
| **13. Ctrl+X** | **:** | **Cut** | **(ਕੱਟ ਕਰਨ ਲਈ)** |
| **14. Ctrl+Y** | **:** | **Redo** | **(ਅੱਨਡੂ ਕੀਤੀ ਚੀਜ਼ ਨੂੰ ਵਾਪਿਸ ਲਿਆਉਣ ਲਈ)** |
| **15. Ctrl+Z** | **:** | **Undo** | **(ਅੱਨਡੂ ਕਰਨ ਲਈ)** |
| **16. Ctrl+Shift+C** | **:** | **Copy Formats** | **(ਫਾਰਮੇਟ ਕਾਪੀ ਕਰਨ ਲਈ)** |
| **17. Ctrl+Shift+V** | **:** | **Paste Formats** | **(ਫਾਰਮੇਟ ਪੇਸਟ ਕਰਨ ਲਈ)** |
| **18. Alt+F4** | **:** | **Close Program** | **(ਪ੍ਰੋਗਰਾਮ ਬੰਦ ਕਰਨ ਲਈ)** |

ਖਾਲੀ ਥਾਵਾਂ ਭਰੋ- **ਪਾਠ 4-8**

1) ਪਾਵਰ-ਪੁਆਇੰਟ ਇੱਕ ਪ੍ਰੈਜ਼ਨਟੇਸ਼ਨ ਪ੍ਰੋਗਰਾਮ ਹੈ।
2) ਪਾਵਰ-ਪੁਆਇੰਟ ਦੇ 5 ਵਿਊ ਹਨ।
3) ਸਲਾਈਡ ਸੋਰਟਰ ਵਿਊ ਵਿੱਚ ਤੁਸੀਂ ਸਲਾਈਡ ਵਿਚਲੀ ਸਮੱਗਰੀ ਦੀ ਕਾਂਟ-ਛਾਂਟ ਨਹੀਂ ਕਰ ਸਕਦੇ।
4) ਪ੍ਰੈਜ਼ਨਟੇਸ਼ਨ ਨੂੰ 6 ਤਰੀਕਿਆਂ ਰਾਹੀਂ ਬਣਾਇਆ ਜਾ ਸਕਦਾ ਹੈ।
5) ਸਮਾਰਟ ਆਰਟ ਦੀਆਂ 8 ਸ਼੍ਰੇਣੀਆਂ ਹੁੰਦੀਆਂ ਹਨ।
6) ਗ੍ਰੈਡੀਐਂਟ ਆਪਸ਼ਨ ਫਾਰਮੈਟ ਬੈਕਗਰਾਊਂਡ ਡਾਈਲਾਗ ਬਾਕਸ ਵਿੱਚ ਹੁੰਦੀ ਹੈ।
7) ਵੀਡੀਓ ਨੂੰ ਦੋ ਤਰੀਕਿਆਂ ਨਾਲ ਦਾਖ਼ਲ ਕੀਤਾ ਜਾ ਸਕਦਾ ਹੈ।
8) ਕਲਿੱਪ ਆਰਟ ਵੀਡੀਓ, ਵੀਡੀਓ ਫਰੌਮ ਵੈਬਸਾਈਟ ਅਤੇ ਵੀਡੀਓ ਫਰੌਮ ਫਾਈਲ ਤਿੰਨ ਤਰੀਕੇ ਹਨ, ਜਿਸ ਨਾਲ ਵੀਡੀਓ ਦਾਖ਼ਲ ਕੀਤੀ ਜਾ ਸਕਦੀ ਹੈ।
9) ਵਰਡ ਡਾਕੂਮੈਂਟ, ਬਿਟ ਮੈਪ, ਵਰਕਸ਼ੀਟ ਨੂੰ ਇਨਸਰਟ ਟੈਬ ਆਪਸ਼ਨ ਨਾਲ ਦਾਖ਼ਲ ਕੀਤਾ ਜਾਂਦਾ ਹੈ।
10) ਬੈਕਗਰਾਊਂਡ ਸਟਾਈਲ ਬਟਨ ਡਿਜ਼ਾਈਨ ਰੀਬਨ ਤੇ ਉਪਲੱਬਧ ਹੈ।
11) ਵਰਕਸ਼ੀਟ ਦੇ ਸਮੂਹ ਨੂੰ ਵਰਕਬੁੱਕ ਕਿਹਾ ਜਾਂਦਾ ਹੈ।
12) ਪਹਿਲਾਂ ਤੋਂ ਨਿਰਧਾਰਿਤ ਹਰ ਇੱਕ ਵਰਕਬੁੱਕ ਵਿੱਚ 3 ਵਰਕਸ਼ੀਟਾਂ ਹੁੰਦੀਆਂ ਹਨ।
13) ਇੱਕ ਵਰਕਸ਼ੀਟ ਵਿੱਚ ਵੱਧ ਤੋਂ ਵੱਧ 1048576 ਰੋਅ ਮੌਜੂਦ ਹੁੰਦੀਆਂ ਹਨ।
14) ਇੱਕ ਵਰਕੁਸ਼ੀਟ ਵਿੱਚ ਵੱਧ ਤੋਂ ਵੱਧ 16384 ਕਾਲਮ ਮੌਜੂਦ ਹੁੰਦੇ ਹਨ।
15) ਰੋਅ ਅਤੇ ਕਾਲਮ ਦੇ ਕਾਟ ਖੇਤਰ ਤੋਂ ਇੱਕ ਸੈੱਲ ਬਣਦਾ ਹੈ।
16) ਐਕਟਿਵ ਸੈੱਲ ਉਹ ਹੁੰਦਾ ਹੈ ਇਸ ਵਿੱਚ ਅਸੀਂ ਕੰਮ ਕਰ ਰਹੇ ਹੁੰਦੇ ਹਾਂ।
17) ਐਕਸਲ ਵਿੱਚ ਹਰ ਇੱਕ ਸੈੱਲ ਦਾ ਇੱਕ ਵੱਖਰਾ ਐਡਰੈਸ ਹੁੰਦਾ ਹੈ।
18) 8 ਬਿਟਸ ਦੇ ਸਮੂਹ ਨੂੰ ਬਾਈਟ ਕਿਹਾ ਜਾਂਦਾ ਹੈ।
19) ਇਕ ਬਿਟ ਜਾਂ ਬਾਈਨਰੀ ਡੀਜ਼ਿਟ ਨੂੰ ਲੋਜੀਕਲ 0 ਅਤੇ 1 ਰਾਹੀਂ ਪੇਸ਼ ਕੀਤਾ ਜਾ ਸਕਦਾ ਹੈ।
20) ਰੈਮ (RAM) ਤੋਂ ਭਾਵ ਹੈ ਰੈਂਡਮ ਐਕਸੈਸ ਮੈਮਰੀ
21) ਰੋਮ (ROM) ਤੋਂ ਭਾਵ ਹੈ ਰੀਡ ਉਨਲੀ ਮੈਮਰੀ
22) ਇਕ ਡਿਸਕ ਦਾ ਹਰ ਇੱਕ ਟਰੈਕ ਛੋਟੇ ਭਾਗਾਂ ਵਿਚ ਵੰਡਿਆ ਹੁੰਦਾ ਹੈ, ਜਿਨ੍ਹਾਂ ਨੂੰ ਸੈਕਟਰ ਕਿਹਾ ਜਾਂਦਾ ਹੈ।

ਸਹੀ/ਗ਼ਲਤ ਦੱਸੋ

1) ਥੀਮਸ ਪਹਿਲਾਂ ਤੋਂ ਹੀ ਪਰਿਭਾਸ਼ਤ ਬੈਕਗਰਾਊਂਡ ਡਿਜ਼ਾਈਨ ਟੈਕਸਟ ਸਟਾਈਲ ਕਲਰ ਹੁੰਦੇ ਹਨ। ਸਹੀ
2) ਪਾਵਰ-ਪੁਆਇੰਟ ਵਿੱਚ ਵੱਖ-ਵੱਖ ਤਰ੍ਹਾਂ ਦੇ ਆਬਜੈਕਟ ਦਾਖ਼ਲ ਨਹੀਂ ਹੁੰਦੇ ਹਨ। ਗ਼ਲਤ
3) ਕਲਰ ਸਕੀਮ ਸਲਾਈਡਾਂ ਤੇ ਲਾਗੂ ਨਹੀਂ ਹੁੰਦੀ। ਗ਼ਲਤ
4) ਕਲਿੱਪ ਔਰਗੇਨਾਇਜ਼ਰ, ਐਨੀਮੇਟਡ ਕਲਿੱਪ ਨੂੰ ਸਟੋਰ ਕਰਨ ਲਈ ਵਰਤਿਆ ਜਾਂਦਾ ਹੈ। ਸਹੀ

| | | |
|---|---|---|
| 5) | ਐਕਸਲ ਨੂੰ ਗਣਿਤ ਦੀਆਂ ਗਣਨਾਵਾਂ ਕਰਨ ਲਈ ਵਰਤਿਆ ਜਾਂਦਾ ਹੈ। | ਸਹੀ |
| 6) | ਸਟੇਟਸ ਬਾਰ ਐਕਸਲ ਵਿੰਡੋ ਦੇ ਸਭ ਤੋਂ ਉੱਪਰ ਦਿਖਾਈ ਦਿੰਦਾ ਹੈ। | ਗ਼ਲਤ |
| 7) | ਜਦੋਂ ਅਸੀਂ ਸੈੱਲ ਵਿੱਚ ਫਾਰਮੂਲਾ ਦਾਖ਼ਲ ਕਰਦੇ ਹਾਂ, ਉਹ ਸਾਨੂੰ ਫਾਰਮੂਲਾ ਬਾਰ ਵਿੱਚ ਨਜ਼ਰ ਆਉਂਦਾ ਹੈ। | ਸਹੀ |
| 8) | ਰਿਬਨ ਐਕਸਲ ਵਿੰਡੋ ਦੇ ਹੇਠਲੇ ਪਾਸੇ ਮੌਜੂਦ ਹੁੰਦਾ ਹੈ। | ਗ਼ਲਤ |
| 9) | ਐਕਸਲ ਨੂੰ ਖੋਲ੍ਹਣ ਲਈ ਸਰਚ ਬਾਰ ਵਿੱਚ ਐਕਸਲ ਟਾਈਪ ਕਰੋ ਅਤੇ ਕੀ-ਬੋਰਡ ਤੋਂ ਐਂਟਰ ਬਟਨ ਦਬਾਓ। | ਸਹੀ |
| 10) | 8 ਬੀਟਸ ਦੇ ਸਮੂਹ ਨੂੰ ਗੀਗਾ ਬਾਈਟ ਕਿਹਾ ਜਾਂਦਾ ਹੈ। | ਗ਼ਲਤ |
| 11) | ਮੁੱਖ ਮੈਮਰੀ ਕੈਸ਼ ਮੈਮਰੀ ਤੋਂ ਤੇਜ਼ ਹੁੰਦੀ ਹੈ। | ਗ਼ਲਤ |
| 12) | ਪਰੋਮ(PROM) ਤੋਂ ਭਾਵ ਹੈ ਪ੍ਰੋਗਰਾਮੇਬਲ ਰੀਡ ਓਨਲੀ ਮੈਮਰੀ। | ਸਹੀ |
| 13) | ਈਪਰੋਮ(EPROM) ਤੋਂ ਭਾਵ ਹੈ ਈਰੇਜ਼ੇਬਲ ਪ੍ਰੋਗਰਾਮੇਬਲ ਰੀਡ ਓਨਲੀ ਮੈਮਰੀ। | ਸਹੀ |
| 14) | ਡਿਸਕ ਦਾ ਤਲ ਪਾਰਦਰਸ਼ੀ ਸਾਂਝੇ ਕੇਂਦਰ ਬਿੰਦੂ ਵਾਲੇ ਚੱਕਰਾਂ ਵਿਚ ਵੰਡਿਆ ਹੁੰਦਾ ਹੈ। | ਸਹੀ |